# ਜਮਾਤ ਦੇ ਅਹੁਦੇਦਾਰਾਂ ਦੀਆਂ ਜ਼ਿੱਮੇਦਾਰੀਆਂ

**ਖ਼ੁਤਬਾ ਜੁਮਆ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ**

**ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼**

**15 ਜੁਲਾਈ 2016 ਈ. ਮਸਜਿਦ ਬੈਤੁਲ ਫ਼ੁਤੂਹ, ਮੋਰਡਨ, ਲੰਦਨ**

**ਪ੍ਰਕਾਸ਼ਕ**

**ਨਜ਼ਾਰਤ ਉਲੀਆ ਸਦਰ ਅੰਜੁਮਨ ਅਹਮਦੀਆ ਕਾਦੀਆਂ, ਭਾਰਰਤ**

عہدیداران جماعت کی ذمّہ داریاں
ਪੁਸਤਕ ਦਾ ਨਾਂ : ਅਹੁਦੇਦਾਰਾਂ ਦੀਆਂ ਜ਼ਿੰਮੇਦਾਰੀਆਂ
ਅਨੁਵਾਦਕ : ਗਿਆਨੀ ਸ਼ਮਸ਼ਾਦ ਅਹਮਦ ਅਦਨ
ਸੰਸਕਰਣ : ਪਹਿਲਾ
ਗਿਣਤੀ : ...
ਪ੍ਰਕਾਸ਼ਕ : ਨਜ਼ਾਰਤ ਉਲੀਆ ਸਦਰ ਅਜੁੰਮਨ ਅਹਮਦੀਆ
ਕਾਦੀਆਂ-143516, ਜ਼ਿਲਾ ਗੁਰਦਾਸਪੁਰ, ਪੰਜਾਬ, ਭਾਰਤ
ਪ੍ਰਬੰਧਕੀ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ
ਛਾਪਕ : ਫ਼ਜ਼ਲੇ ਉਮਰ ਪ੍ਰਿੰਟਿਗ ਪ੍ਰੈਸ ਕਾਦੀਆਂ

Name of Book
Uhdedaran Diyan Zimmedariyan
Addition : First
Copies :

Translated BY
Giyani Shamshad Ahmad eden

Published By
Nazarat Uliya Sdr Anjuman Ahmadiyya
Qadian-143516, District -Gurdaspur, Punjab (INDIA)
Arrenged By
Nazarat Nashro Ishaat Qadian
Printed By
Fazle Umar Printing Press Qadian

# ਉਮਰਾ (ਪ੍ਰਧਾਨਾ), ਸਦਰ ਸਾਹਿਬਾਨ ਅਤੇ ਹੋਰਨਾ ਅਹੁਦੇਦਾਰਾਂ, ਮੁਬਲੱਗ਼ੀਨ ਲਈ ਅਤਿਅੰਤ ਮਹਤੱਵਪੂਰਨ ਨਿਰਦੇਸ਼

- ਇਹ ਇਕ ਮੁਢੱਲਾ ਬੁਨਿਆਦੀ ਅੰਤਰ ਹੋਣਾ ਚਾਹੀਦਾ ਹੈ ਵਿਸ਼ੇਸ਼ ਰੂਪ ਵਿੱਚ ਉਹਨਾਂ ਲੋਕਾਂ ਦਾ ਜੋ ਜਮਾਤੀ ਕੰਮਾ ਦੀਆਂ ਜ਼ਿੱਮੇਦਾਰੀਆਂ ਸੰਭਾਲਦੇ ਹਨ ਕਿ ਉਹ ਹਮੇਸ਼ਾ ਸਚੱਾਈ ਉਪੱਰ ਕਾਇਮ ਰਹਿੰਦਿਆਂ ਹੋਇਆਂ ਆਪਣੇ ਤਕਵਾ (ਸੰਜਮਤਾ) ਦੇ ਮਿਆਰ ਨੂੰ ਵਧਾਉਂਦਿਆਂ ਹੋਇਆਂ ਆਪਣੇ ਕੰਮ ਨੇਪਰੇ ਚਾੜ੍ਹਨ ।
- ਜੇਕਰ ਤਰਬੀਯਤ ਦਾ ਵਿਭਾਗ ਸਮਰੱਥ (Active) ਹੋ ਜਾਵੇ ਤਾਂ ਅਨੇਕਾਂ ਹੀ ਦੂਜੇ ਵਿਭਾਗਾਂ ਦੇ ਕੰਮ ਆਪਣੇ ਆਪ ਹੋ ਜਾਂਦੇ ਹਨ ।
- ਤਰਬੀਯਤ ਦਾ ਕੰਮ ਸਭ ਤੋਂ ਪਹਿਲਾਂ ਆਪਣੇ ਘਰ ਤੋਂ ਅਰੰਭ ਕਰੋ ਅਤੇ ਇਹ ਘਰ ਕੇਵਲ ਸੈਕ੍ਰੇਟਰੀ ਤਰਬੀਯਤ ਦਾ ਘਰ ਨਹੀਂ ਸਗੋਂ ਕਾਰਜਕਾਰੀ ਕਮੇਟੀ ਦੇ ਹਰ ਮੈਂਬਰ ਦਾ ਘਰ ਹੈ ਅਤੇ ਮਜਲਿਸੇ ਆਮਲਾ (ਕਾਰਜਕਾਰੀ ਕਮੇਟੀ) ਸਭ ਤੋਂ ਵਧੱਕੇ ਹੈ ਕਿ ਉਹ ਆਪਣੀ ਤਰਬੀਯਤ ਕਰੇ । ਅਮੀਰ ਜਮਾਤ, ਸਦਰ ਜਮਾਤ ਅਤੇ ਸੈਕ੍ਰੇਟਰੀ ਤਰਬੀਯਤ (ਸੀਖ ਸਿੱਖਿਆ) ਜੋ ਵੀ ਪ੍ਰੋਗਰਾਮ ਬਣਾਉਂਦੇ ਹਨ । ਉਹਨਾਂ ਨੂੰ ਸਭ ਤੋਂ ਪਹਿਲਾਂ ਆਪਣੀ ਕਾਰਜਕਾਰੀ ਕਮੇਟੀ ਨੂੰ ਦੇਖਣਾ ਚਾਹੀਦਾ ਹੈ ਕਿ ਉਹ ਇਹਨਾਂ ਪ੍ਰੋਗਰਾਮਾਂ ਉਪੱਰ ਅਮਲ ਕਰ ਰਹੇ ਹਨ ਜਾਂ ਨਹੀਂ । ਰੱਬ ਦੇ ਜੋ ਮੁਢੱਲੇ ਆਦੇਸ਼ ਹਨ ਅਤੇ ਮਨੁੱਖੀ ਜਨਮ ਦਾ ਜੋ ਮੰਤਵ ਹੈ, ਉਸ ਨੂੰ ਕਰਾਰਜਕਾਰੀ ਕਮੇਟੀ ਦੇ ਮੈਂਬਰ ਪੂਰਾ ਕਰ ਰਹੇ ਹਨ ?
- ਅਲੱਾਹ ਤਆਲਾ ਦੇ ਹੱਕ ਵਿੱਚ ਸਭ ਤੋਂ ਵੱਡਾ ਹੱਕ ਇਬਾਦਤ ਦਾ ਹੈ । ਇਸ ਲਈ ਪੁਰੁਸ਼ਾਂ ਨੂੰ ਇਹ ਹੁਕੁਮ ਹੈ ਕਿ ਨਮਾਜ਼ ਕਾਇਮ ਕਰੋ ਅਤੇ ਨਮਾਜ਼ਾਂ ਦਾ ਕਾਇਮ ਕਰਨਾ ਜਮਾਤ ਨਾਲ ਨਮਾਜ਼ ਪੜ੍ਹਨਾ ਹੈ । ਸੋ, ਅਮੀਰ ਸਾਹਿਬਾਨ,

ਸਦਰ ਸਾਹਿਬਾਨ ਤੇ ਅਹੁਦੇਦਾਰ ਆਪਣੀਆਂ ਨਮਾਜ਼ਾਂ ਦੀ ਸੁਰੱਖਿਆ ਕਰਕੇ ਉਸ ਦੇ ਕਾਇਮ ਕਰਨ ਅਤੇ ਜਮਾਤ ਨਾਲ ਨਮਾਜ਼ ਪੜ੍ਹਨ ਦਾ ਭਰਪੂਰ ਜਤਨ ਕਰਨ । ਸਾਡੇ ਹਰ ਅਹੁਦੇਦਾਰ ਵਿੱਚ ਨਮਾਜ਼ ਜਮਾਤ ਨਾਲ ਪੜ੍ਹਨ ਦਾ ਅਹਿਸਾਸ ਹੋਣਾ ਚਾਹੀਦਾ ਹੈ, ਵਰਨਾ ਅਮਾਨਤਾਂ ਦੇ ਹੱਕ ਪੂਰਾ ਕਰਨ ਵਾਲੇ ਨਹੀਂ ਹੋਣਗੇ, ਜਿਸ ਦੀ ਕੁਰਆਨ ਕਰੀਮ ਵਿੱਚ ਵਾਰ ਵਾਰ ਤਲਕੀਨ (ਪੁੱਛ ਗਿੱਛ) ਕੀਤੀ ਗਈ ਹੈ ।

- ਇਸ ਤੋਂ ਬਿਨਾ ਵੀ ਕਈ ਗਲੱਾਂ ਹਨ ਜਿੰਨ੍ਹਾ ਦਾ ਅਹੁਦੇਦਾਰਾਂ ਨੂੰ ਵਿਸ਼ੇਸ਼ ਖ਼ਿਆਲ ਰਖੱਣਾ ਚਾਹੀਦਾ ਹੈ ਅਤੇ ਇਹ ਗਲੱਾਂ ਲੋਕਾਂ ਦੇ ਹੱਕ ਅਤੇ ਜਮਾਤ ਦੇ ਲੋਕਾਂ ਨਾਲ ਅਹੁਦੇਦਾਰਾਂ ਦੇ ਰਵੱਈਏ ਨਾਲ ਸੰਬੰਧ ਰਖੱਦੀਆਂ ਹਨ ।
- ਫਿਰ ਇਕ ਵਿਸ਼ੇਸ਼ ਗੁਣ ਜੋ ਵਿਸ਼ੇਸ਼ ਰੂਪ ਵਿੱਚ ਅਹੁਦੇਦਾਰਾਂ ਵਿੱਚ ਹੋਣਾ ਚਾਹੀਦਾ ਹੈ ਉਹ ਆਜਜ਼ੀ ਤੇ ਵਿਨਮ੍ਰਤਾ ਹੈ ।
- ਆਪਣੇ ਆਪਣੇ ਦਾਇਰੇ ਨੂੰ ਸਮਝਣ ਲਈ ਅਹੁਦੇਦਾਰਾਂ ਲਈ ਜ਼ਰੂਰੀ ਹੈ ਕਿ ਨਿਯਮਾ ਤੇ ਕਾਇਦਿਆਂ ਨੂੰ ਪੜ੍ਹਨ ਅਤੇ ਸਮਝਣ ।
- ਫਿਰ ਅਹੁਦੇਦਾਰਾਂ ਦੀ ਇਹ ਵੀ ਵਿਸ਼ੇਸ਼ਤਾ ਹੋਣੀ ਚਾਹੀਦੀ ਹੈ ਕਿ ਉਹ ਆਪਣੇ ਮਾਤਹਿਤਾਂ (ਅਧੀਨ ਕੰਮ ਕਰਨ ਵਾਲਿਆਂ) ਨਾਲ ਚੰਗਾ ਵਰਤਾਉ ਕਰਨ ।
- ਕਿਸੇ ਦੇ ਮਨ ਵਿੱਚ ਇਹ ਵਿਚਾਰ ਨਹੀਂ ਹੋਣਾ ਚਾਹੀਦਾ ਕਿ ਮੇਰਾ ਤਜਰਬਾ ਅਤੇ ਮੇਰਾ ਗਿਆਨ ਜਮਾਤ ਦੇ ਕੰਮਾ ਨੂੰ ਚਲਾ ਰਿਹਾ ਹੈ । ਜਾਂ ਮੇਰਾ ਤਜਰਬਾ ਤੇ ਗਿਆਨ ਜਮਾਤ ਦੇ ਕੰਮਾ ਨੂੰ ਚਲਾ ਸਕਦਾ ਹੈ । ਜਮਾਤ ਦੇ ਕੰਮਾ ਨੂੰ ਰੱਬ ਦੀ ਮਿਹਰ ਚਲਾ ਰਹੀ ਹੈ ।
- ਫਿਰ ਇਕ ਵਿਸ਼ੇਸ਼ਤਾ ਜੋ ਅਹੁਦੇਦਾਰਾਂ ਵਿੱਚ ਹੋਣੀ ਚਾਹੀਦੀ ਹੈ ਉਹ ਖ਼ੁਸ਼ਦਿਲੀ ਹੈ ਅਤੇ ਖ਼ੁਸ਼ ਅਖ਼ਲਾਕੀ (ਖਿੜੇ ਮੱਥੇ) ਨਾਲ ਪੇਸ਼ ਆਉਣਾ ਹੈ ।
- ਅਹੁਦੇਦਾਰਾਂ ਦੀ ਅਤੇ ਵਿਸ਼ੇਸ਼ ਰੂਪ ਵਿੱਚ ਅਮੀਰਾਂ (ਪ੍ਰਧਾਨਾਂ), ਸਦਰ ਸਾਹਿਬਾਨ, ਤਰਬੀਯਤ ਦੇ ਵਿਭਾਗਾਂ ਅਤੇ ਫ਼ੈਸਲਾ ਕਰਨ ਵਾਲੇ ਅਦਾਰਿਆਂ

ਦੀ ਬਹੁਤ ਵੱਡੀ ਜ਼ਿੰਮੇਦਾਰੀ ਹੈ ਕਿ ਲੋਕਾਂ ਲਈ ਆਸਾਨੀਆਂ ਪੈਦਾ ਕਰਨ ਦੇ ਤਰੀਕੇ ਸੋਚਣ, ਪਰ ਇਹ ਵੀ ਖ਼ਿਆਲ ਰਹੇ ਕਿ ਇਲਾਹੀ ਆਦੇਸ਼ਾਂ ਅੰਦਰ ਰਹਿੰਦਿਆਂ ਹੋਇਆਂ ਇਹ ਤਰੀਕੇ ਅਪਨਾਉਣੇ ਹਨ ।

- ਅਮੀਰਾਂ (ਪ੍ਰਧਾਨਾ) ਤੇ ਸਦਰ ਸਾਹਿਬਾਨ ਅਤੇ ਜਮਾਤੀ ਸੈਕ੍ਰੇਟਰੀਜ਼ ਦਾ ਇਹ ਬਹੁਤ ਹੀ ਮਹਤੱਵਪੂਰਨ ਕੰਮ ਹੈ ਕਿ ਮਰਕਜ਼ (ਕੇਂਦਰ) ਤੋਂ ਜੋ ਫ਼ਰਮਾਨ ਜਾਂਦੇ ਹਨ ਜਾਂ ਸਰਕੂਲਰ (circular) ਜਾਂਦੇ ਹਨ, ਉਹਨਾਂ'ਤੇ ਤੁਰੰਤ ਤੇ ਪੂਰੇ ਧਿਆਨ ਨਾਲ ਅਮਲ ਕਰਨ ਅਤੇ ਆਪਣੀਆਂ ਜਮਾਤਾਂ ਰਾਹੀਂ ਵੀ ਕਰਾਇਆ ਜਾਵੇ ।
- ਮੂਸੀਆਨ (ਵਸੀਯੱਤ ਕਰਨ ਵਾਲਿਆਂ) ਨੂੰ ਪਹਿਲੀ ਗੱਲ ਤਾਂ ਇਹ ਚੇਤੇ ਰਖੱਣੀ ਚਾਹੀਦੀ ਹੈ ਕਿ ਆਪਣੇ ਚੰਦੇ ਦੀ ਬਕਾਇਦਾ ਅਦਾਇਗੀ ਅਤੇ ਉਸ ਦਾ ਹਿਸਾਬ ਰਖੱਣਾ ਹਰ ਮੂਸੀ (ਵਸੀਯਤ ਕਰਨ ਵਾਲੇ) ਦੀ ਆਪਣੀ ਜ਼ਿੱਮੇਦਾਰੀ ਹੈ ਪਰ ਮਰਕਜ਼ੀ (ਕੇਂਦਰੀ) ਦਫ਼ਤਰ ਅਤੇ ਸੰਬੰਧਤ ਸੈਕ੍ਰੇਟਰੀਜ਼ ਦਾ ਵੀ ਕੰਮ ਹੈ ਕਿ ਹਰ ਮੂਸੀ ਦਾ ਹਿਸਾਬ ਪੂਰਾ ਰਖੱਣ ਅਤੇ ਜੱਦ ਲੋੜ ਹੋਵੇ ਉਹਨਾਂ ਨੂੰ ਯਾਦਹਾਨੀ ਵੀ ਕਰਾਉਣ ਕਿ ਉਹਨਾਂ ਦੇ ਚੰਦੇ ਦੀ ਕੀ ਅਵਸਥਾ ਹੈ ? ਰਾਸ਼ਟਰੀ ਜਮਾਤ ਦਾ ਕੰਮ ਹੈ ਕਿ ਲੋਕਲ ਜਮਾਤਾਂ ਦੇ ਸੈਕ੍ਰੇਟਰੀਜ਼ ਨੂੰ ਸਮਰੱਥ (Active) ਕਰਨ ਅਤੇ ਹਰ ਮੂਸੀ ਉਹਨਾਂ ਦੇ ਰਾਬਤੇ ਵਿੱਚ ਹੋਵੇ ।
- ਅਲੱਾਹ ਤਆਲਾ ਸਾਰਿਆਂ ਅਹੁਦੇਦਾਰਾਂ ਨੂੰ ਤੌਫ਼ੀਕ ਪ੍ਰਦਾਨ ਕਰੇ ਕਿ ਉਹਨਾਂ ਨੂੰ ਅਲੱਾਹ ਤਆਲਾ ਨੇ ਜੋ ਭਵਿੱਖ ਦੇ ਤਿੰਨ ਸਾਲ ਸੇਵਾ ਕਰਨ ਦਾ ਮੌਕਾ ਦਿੱਤਾ ਹੈ ਉਸ ਵਿੱਚ ਵੱਧ ਤੋਂ ਵੱਧ ਕੰਮ ਆਪਣੀਆਂ ਸਾਰੀਆਂ ਸਮਰੱਥਾਵਾਂ ਨਾਲ ਨੇਪਰੇ ਚਾੜ੍ਹ ਸਕਣ ਅਤੇ ਆਪਣੀ ਹਰ ਕਹਿਣੀ ਤੇ ਕਰਨੀ ਨਾਲ ਜਮਾਤ ਵਿੱਚ ਉਧਾਰਣ ਬਣਨ ਵਾਲੇ ਹੋਣ ।

بِسۡمِ اللّٰہِ الرَّحۡمٰنِ الرَّحِیۡمِ     نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ     وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਤਬਾ ਜੁਮਆ

## ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼

## ਦੇ ਜੁਮਏ ਦਾ ਖ਼ੁਤਬਾ

**ਜੋ ਆਪ ਜੀ ਨੇ 15 ਜੁਲਾਈ 2016 ਈ. ਮੁਤਾਬਕ 15 ਵਫ਼ਾ 1395 ਹਿਜਰੀ ਸ਼ਮਸੀ ਨੂੰ ਮਸਜਿਦ ਬੈਤੁਲ ਫ਼ੁਤੂਹ, ਮੋਰਡਨ, ਲੰਦਨ ਵਿੱਚ ਦਿੱਤਾ ।**

أَشۡهَدُ أَنۡ لَّا إِلٰهَ إِلَّا اللّٰهُ وَحۡدَهٗ لَا شَرِيۡكَ لَهٗ   وَأَشۡهَدُ أَنَّ مُحَمَّدًا عَبۡدُهٗ وَرَسُوۡلُهٗ   أَمَّا بَعۡدُ
فَأَعُوۡذُ بِاللّٰهِ مِنَ الشَّيۡطٰنِ الرَّجِيۡمِ -   بِسۡمِ اللّٰهِ الرَّحۡمٰنِ الرَّحِيۡمِ . اَلۡحَمۡدُ لِلّٰهِ رَبِّ
الۡعٰلَمِيۡنَ . اَلرَّحۡمٰنِ الرَّحِيۡمِ . مٰلِكِ يَوۡمِ الدِّيۡنِ . إِيَّاكَ نَعۡبُدُ وَإِيَّاكَ نَسۡتَعِيۡنُ . اِهۡدِنَا
الصِّرَاطَ الۡمُسۡتَقِيۡمَ . صِرَاطَ الَّذِيۡنَ اَنۡعَمۡتَ عَلَيۡهِمۡ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ

ਕੁਝ ਸਮਾਂ ਪਹਿਲਾਂ ਇਕ ਖ਼ੁਤਬੇ ਵਿੱਚ ਵਰਨਣ ਕਰ ਚੁੱਕਿਆ ਹਾਂ ਕਿ ਜਮਾਤੀ ਅਹੁਦੇਦਾਰਾਂ ਦੇ ਚੋਣ ਦਾ ਸਾਲ ਹੈ । ਹੁਣ ਤੱਕ ਬਹੁਤੀਆਂ ਥਾਵਾਂ ਉਪੱਰ ਚੋਣ ਹੋ ਚੁੱਕਿਆ ਹੈ, ਦੇਸ਼ਾਂ ਵਿੱਚ ਵੀ ਅਤੇ ਲੋਕਲ ਜਮਾਤਾਂ ਵਿੱਚ ਵੀ ਅਤੇ ਨਵੇਂ ਅਹੁਦੇਦਾਰਾਂ ਨੇ ਆਪਣੇ ਕੰਮ ਸੰਭਾਲ ਲਏ ਹਨ । ਅਹੁਦੇਦਾਰਾਂ ਵਿੱਚ ਕੁਝ ਥਾਵਾਂ ਉਪੱਰ ਕਈ ਅਮੀਰ (ਪ੍ਰਧਾਨ), ਸਦਰ ਸਾਹਿਬਾਨ ਤੇ ਦੂਜੇ ਅਹੁਦੇਦਾਰ ਨਵੇਂ ਚੁਣੇ ਗਏ ਹਨ ਪਰ ਬਹੁਤ ਸਾਰੀਆਂ ਥਾਵਾਂ'ਤੇ ਪਹਿਲਾਂ ਕੰਮ ਕਰਨ ਵਾਲਿਆਂ ਨੂੰ ਹੀ

ਮੁੜ੍ਹ ਚੁਣਿਆ ਗਿਆ ਹੈ । ਨਵੇਂ ਆਉਣ ਵਾਲਿਆਂ ਨੂੰ ਵੀ ਜਿੱਥੇ ਰੱਬ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ ਕਿ ਉਹਨਾਂ ਨੂੰ ਰੱਬ ਨੇ ਜਮਾਤ ਦੀ ਸੇਵਾ ਲਈ ਚੁਣਿਆ, ਓਥੇ ਆਜਜ਼ੀ ਤੇ ਵਿਨਮ੍ਰਤਾ ਨਾਲ ਰੱਬ ਦੀ ਹਜ਼ੂਰੀ ਵਿੱਚ ਝੁਕਦਿਆਂ ਹੋਇਆਂ ਰੱਬ ਤੋਂ ਦੁਆ ਮੰਗਣੀ ਚਾਹੀਦੀ ਹੈ ਕਿ ਰੱਬ ਉਹਨਾਂ ਨੂੰ ਇਸ ਅਮਾਨਤ ਦਾ ਹੱਕ ਪੂਰਾ ਕਰਨ ਦੀ ਤੋਫ਼ੀਕ ਦੇਵੇ ਜੋ ਉਹਨਾਂ ਦੇ ਸੁਪੁਰਦ ਕੀਤੀ ਗਈ ਹੈ । ਇਸੇ ਪ੍ਰਕਾਰ ਜੋ ਅਹੁਦੇਦਾਰ ਮੁੜ੍ਹ ਚੁਣੇ ਗਏ ਹਨ ਉਹ ਵੀ ਜਿੱਥੇ ਰੱਬ ਦਾ ਸ਼ੁਕਰਾਨਾ ਕਰਨ ਕਿ ਰੱਬ ਨੇ ਉਹਨਾਂ ਨੂੰ ਇਕ ਵਾਰ ਫਿਰ ਸੇਵਾ ਦਾ ਮੌਕਾ ਪ੍ਰਦਾਨ ਕੀਤਾ ਹੈ ਓਥੇ ਰੱਬ ਨਾਲ ਇਹ ਵਿਨਮ੍ਰਤਾ ਭਰੀ ਦੁਆ ਵੀ ਮੰਗਣ ਕਿ ਰੱਬ ਉਹਨਾਂ ਨੂੰ ਸਾਰਿਆਂ ਗੁਣਾ ਸਹਿਤ ਇਹਨਾਂ ਅਮਾਨਤਾਂ ਦਾ ਹੱਕ ਪੂਰਾ ਕਰਨ ਦਾ ਸੰਜੋਗ ਪ੍ਰਦਾਨ ਕਰੇ ਅਤੇ ਬੀਤੇ ਸਮੇਂ ਵਿੱਚ ਉਹਨਾਂ ਤੋਂ ਜੋ ਕੁਤਾਹੀਆਂ, ਸੁਸਤੀਆਂ ਤੇ ਗ਼ਫ਼ਲਤਾਂ ਹੋ ਗਈਆਂ ਜਿਸ ਦੇ ਸਬਬ ਉਹਨਾਂ ਦੇ ਸੁਪੁਰਦ ਕੀਤੀਆਂ ਗਈਆਂ ਅਮਾਨਤਾਂ ਦੇ ਹੱਕ ਪੂਰੇ ਨਹੀਂ ਹੋ ਸਕੇ, ਇਕ ਤਾਂ ਅਲੱਾਹ ਤਆਲਾ ਉਸ ਨੂੰ ਨਜ਼ਰਅੰਦਾਜ਼ ਕਰੇ ਅਤੇ ਫਿਰ ਆਪਣੀ ਮਿਹਰ ਕਰਦਿਆਂ ਹੋਇਆਂ ਜੋ ਅਗਲੇ ਤਿੰਨ ਸਾਲ ਲਈ ਮੁੜ੍ਹ ਸੇਵਾ ਦਾ ਮੌਕਾ ਉਸ ਨੇ ਪ੍ਰਦਾਨ ਕੀਤਾ ਹੈ ਅਤੇ ਜੋ ਅਮਾਨਤਾਂ ਉਸ ਦੇ ਸੁਪੁਰਦ ਹਨ ਉਹਨਾਂ ਵਿੱਚ ਭਵਿੱਖ ਵਿੱਚ ਸੁਸਤੀਆਂ, ਕੁਤਾਹੀਆਂ ਤੇ ਗ਼ਫ਼ਲਤਾਂ ਨ ਹੋਣ ਅਤੇ ਇਹਨਾਂ ਅਮਾਨਤਾਂ ਦੇ ਹੱਕ ਪੂਰੇ ਕਰਨ ਦੀ ਰੱਬ ਤੋਫ਼ੀਕ ਪ੍ਰਦਾਨ ਕਰੇ ।

ਚੇਤੇ ਰਖੱਣਾ ਚਾਹੀਦਾ ਹੈ ਜਮਾਤੀ ਸੇਵਾ ਨੂੰ ਕੋਈ ਮਮੂਲੀ ਸੇਵਾ ਨਹੀਂ ਸਮਝਣਾ ਚਾਹੀਦਾ, ਓਪਰੀ ਤੌਰ'ਤੇ ਨਹੀਂ ਲੈਂਣਾ ਚਾਹੀਦਾ । ਸਾਡੇ ਵਿੱਚੋਂ ਹਰ ਇਕ ਨੇ ਭਾਵੇਂ ਉਹ ਅਹੁਦੇਦਾਰ ਹੈ ਜਾਂ ਇਕ ਆਮ ਅਹਮਦੀ ਹੈ ਉਸ ਨੇ ਅਹਿਦ ਕੀਤਾ ਕਿ ਉਹ ਦੀਨ ਨੂੰ ਧਰਮ ਉਪੱਰ ਪ੍ਰਾਥਮਿਕਤਾ ਦੇਵੇਗਾ ਅਤੇ ਜੱਦ ਇਕ ਵਿਅਕਤੀ ਧਰਮ ਦੀ ਸੇਵਾ ਜਾਂ ਇਕ ਅਹੁਦੇਦਾਰ ਵੱਜੋਂ ਕਿਸੇ ਸੇਵਾ ਕਰਨ ਨੂੰ ਪਰਵਾਨ ਕਰਦਾ ਹੈ ਜਾਂ ਉਸ ਸੇਵਾ ਲਈ ਨਿਯੁਕਤ ਕੀਤਾ ਜਾਂਦਾ ਹੈ ਤਾਂ ਉਸ'ਤੇ ਦੂਜਿਆਂ ਤੋਂ ਬਹੁਤੀ ਜ਼ਿੰਮੇਦਾਰੀ ਪੈਂਦੀ ਹੈ ਕਿ ਉਹ ਆਪਣੇ ਅਹਿਦ (ਵਾਅਦੇ) ਨੂੰ ਪੂਰਾ ਕਰੇ ਅਤੇ ਚੇਤਾ ਰੱਖੇ ਕਿ ਇਹ ਅਹਿਦ ਉਸ ਨੇ ਰੱਬ ਤੋਂ ਕੀਤਾ ਹੈ ਅਤੇ ਰੱਬ ਨੇ ਆਪਣੇ ਵਾਅਦਿਆਂ

ਨੂੰ ਪੂਰਾ ਕਰਨ ਦਾ ਕੁਰਆਨ ਕਰੀਮ ਵਿੱਚ ਕਈ ਥਾਂ ਵਰਨਣ ਕੀਤਾ ਹੈ । ਸੋ, ਹਮੇਸ਼ਾ ਚੇਤੇ ਰੱਖੋ ਅਲੱਾਹ ਤਆਲਾ ਨੇ ਬਹੁਤ ਸਪਸ਼ਟ ਫ਼ਰਮਾਇਆ ਹੈ ਕਿ ਤੁਹਾਡੇ ਸੁਪੁਰਦ ਕੀਤੀਆਂ ਗਈਆਂ ਅਮਾਨਤਾਂ ਜਿੰਨ੍ਹਾ ਨੂੰ ਤੁਸੀਂ ਕੁਬੂਲ ਕਰਦੇ ਹੋ ਤੁਹਾਡੇ ਵਾਅਦੇ ਹਨ । ਇਸ ਲਈ ਆਪਣੀਆਂ ਅਮਾਨਤਾਂ ਅਤੇ ਆਪਣੇ ਵਾਅਦਿਆਂ ਨੂੰ ਪੂਰਾ ਕਰੋ । ਇਕ ਥਾਂ ਰੱਬ ਨੇ ਆਪ ਬਚਨਾ ਦੇ ਸੱਚੇ ਅਤੇ ਤਕਵਾ (ਸੰਜਮਤਾ) ਉਪੱਰ ਚਲੱਣ ਵਾਲਿਆਂ ਦੀ ਇਹ ਨਿਸ਼ਾਨੀ ਦੱਸੀ ਹੈ ਕਿ 'ਵਲਮੂਫ਼ੂਨਾ ਬਿ ਅਹਦਿਹਿਮ ਇਜ਼ਾ ਆਹਾਦੂ' (وَالْمُوْفُوْنَ بِعَهْدِهِمْ اِذَا عٰهَدُوْا) (ਅਲਬਕਰਹ 178) ਅਰਥਾਤ ਆਪਣੇ ਵਾਅਦਿਆਂ ਨੂੰ ਜੱਦ ਕੋਈ ਪ੍ਰਣ ਕਰ ਲੈਣ ਪੂਰਾ ਕਰਨ ਵਾਲੇ ਹਨ ।

ਸੋ, ਇਕ ਮੁਢੱਲੀ ਭਿੰਨਤਾ ਹੋਣੀ ਚਾਹੀਦੀ ਹੈ ਵਿਸ਼ੇਸ਼ ਰੂਪ ਵਿੱਚ ਉਹਨਾਂ ਲੋਕਾਂ ਦੀ ਜੋ ਜਮਾਤੀ ਕੰਮਾ ਦੀ ਜ਼ਿੱਮੇਦਾਰੀ ਸੰਭਾਲਦੇ ਹਨ ਕਿ ਉਹ ਹਮੇਸ਼ਾ ਸਚੱਾਈ ਉਪੱਰ ਕਾਇਮ ਰਹਿੰਦਿਆਂ ਹੋਇਆਂ ਆਪਣੇ ਤਕਵਾ (ਸੰਜਮਤਾ) ਦੇ ਮਿਆਰ ਨੂੰ ਵਧਾਉਦਿਆਂ ਹੋਇਆ ਆਪਣੇ ਕੰਮ ਨੇਪਰੇ ਚਾੜ੍ਹਨ । ਜੇਕਰ ਉਹਨਾਂ ਦੀ ਸਚੱਾਈ ਦੇ ਮਿਆਰ ਵਿੱਚ ਰਤਾ ਵੀ ਢਿੱਲ ਹੈ, ਘਾਟ ਹੈ, ਜੇਕਰ ਉਹਨਾਂ ਦੇ ਤਕਵਾ (ਸੰਜਮਤਾ) ਦੇ ਮਿਆਰ ਇਕ ਸਾਧਾਰਣ ਜਮਾਤ ਦੇ ਵਿਅਕਤੀ ਲਈ ਨਮੂਨਾ ਨਹੀਂ ਤਾਂ ਉਹ ਆਪਣੇ ਅਹਿਦ, ਆਪਣੇ ਅਹੁਦੇ ਤੇ ਆਪਣੀ ਅਮਾਨਤ ਦੇ ਹੱਕ ਨੂੰ ਪੂਰਾ ਕਰਨ ਲਈ ਧਿਆਨ ਨਹੀਂ ਦੇ ਰਹੇ ।

ਸੋ, ਅਮੀਰ (ਪ੍ਰਧਾਨ), ਸਦਰ ਸਾਹਿਬਾਨ ਸਭ ਤੋਂ ਪਹਿਲਾਂ ਆਪਣੀ ਕਾਰਜਕਾਰੀ ਕਮੇਟੀ ਦੇ ਸਾਹਮਣੇ ਵੀ ਅਤੇ ਜਮਾਤ ਦੇ ਲੋਕਾਂ ਦੇ ਸਾਹਮਣੇ ਵੀ ਆਪਣੇ ਨਮੂਨੇ ਕਾਇਮ ਕਰਨ ।

ਸੈਕ੍ਰੇਟਰੀ ਤਰਬੀਯਤ (ਸੀਖ, ਟ੍ਰੇਨਿੰਗ), ਜਿੰਨ੍ਹਾ ਦੇ ਸੁਪੁਰਦ ਸੀਖ ਤੇ ਸਿੱਖਲਾਉਣ ਦਾ ਕੰਮ ਹੈ ਅਤੇ ਤਰਬੀਯਤ (ਸੀਖ, ਟ੍ਰੇਨਿੰਗ) ਦਾ ਕੰਮ ਉਸੇ ਸਮੇਂ ਠੀਕ ਤਰ੍ਹਾਂ ਹੋ ਸਕਦਾ ਹੈ ਜੱਦ ਨਮੂਨੇ ਕਾਇਮ ਹੋਣ, ਜੋ ਕੰਮ ਕਰਨ ਵਾਲਾ ਹੈ, ਜਿਸ ਦੀ ਜ਼ਿੰਮੇਦਾਰੀ ਹੈ, ਦੂਜਿਆਂ ਨੂੰ ਨਸੀਹਤ ਕਰਨ ਵਾਲਾ ਹੈ ਤਾਂ ਆਪ ਵੀ ਇਹਨਾ ਕੰਮਾ'ਤੇ ਅਮਲ ਕਰਨ ਵਾਲਾ ਹੋਵੇ । ਸੋ, ਸੈਕ੍ਰੇਟਰੀਜ਼ ਤਰਬੀਯਤ ਵੀ

ਜਮਾਤ ਦੇ ਲੋਕਾਂ ਦੇ ਸਾਹਮਣੇ ਆਪਣੇ ਨਮੂਨੇ ਕਾਇਮ ਕਰਨ ਕਿ ਜਮਾਤ ਦੀ ਤਰਬੀਯਤ (ਸੀਖ, ਸਿਖਲਾਈ, ਟ੍ਰੇਨਿੰਗ) ਦੀ ਜ਼ਿੰਮੇਦਾਰ ਉਹਨਾਂ'ਤੇ ਲਾਗੂ ਹੁੰਦੀ ਹੈ ।

ਮੈਂ ਕਈ ਮੌਕਿਆਂ'ਤੇ ਵਰਨਣ ਕਰ ਚੁੱਕਿਆਂ ਹਾਂ ਕਿ ਜੇਕਰ ਤਰਬੀਯਤ (ਟ੍ਰੇਨਿੰਗ) ਦਾ ਵਿਭਾਗ ਸਰਗਰਮ (Active) ਹੋ ਜਾਵੇ ਤਾਂ ਬਹੁਤ ਸਾਰੇ ਦੂਜੇ ਵਿਭਾਗਾਂ ਦੇ ਕੰਮ ਆਪਣੇ ਆਪ ਹੋ ਜਾਂਦੇ ਹਨ । ਜਿੰਨ੍ਹਾ ਜਮਾਤ ਦੇ ਲੋਕਾਂ ਦੀ ਤਰਬੀਯਤ ਦਾ ਮਿਆਰ ਉਚੱਾ ਹੋਵੇਗਾ, ਉਨ੍ਹਾ ਹੀ ਦੂਜਿਆਂ ਵਿਭਾਗਾਂ ਦਾ ਕੰਮ ਸੌਖਾ ਹੋਵੇਗਾ । ਉਧਾਰਣ ਲਈ ਸੈਕ੍ਰੇਟਰੀ ਮਾਲ ਦਾ ਕੰਮ ਸੌਖਾ ਹੋਵੇਗਾ । ਸੈਕ੍ਰੇਟਰੀ ਅਮੂਰ ਆਮਾ ਦਾ ਕੰਮ ਸੌਖਾ ਹੋਵੇਗਾ । ਸੈਕ੍ਰੇਟਰੀ ਤਬਲੀਗ਼ (ਪ੍ਰਚਾਰ) ਦਾ ਕੰਮ ਸੌਖਾ ਹੋਵੇਗਾ । ਇਸੇ ਪ੍ਰਕਾਰ ਦੂਜੇ ਵਿਭਾਗਾਂ ਦਾ, ਕਜ਼ਾ (ਨਿਆਲੈ) ਦਾ ਕੰਮ ਸੌਖਾ ਹੋਵੇਗਾ ।

ਮੈਂ ਅਧਿਕਤਰ ਅਨੇਕਾਂ ਥਾਵਾਂ'ਤੇ ਕਾਰਜਕਾਰੀ ਕਮੇਟੀ ਦੀ ਮੀਟਿੰਗ ਵਿੱਚ ਕਿਹਾ ਕਰਦਾ ਹਾਂ ਕਿ ਤਰਬੀਯਤ ਦਾ ਕੰਮ ਪਹਿਲਾਂ ਆਪਣੇ ਘਰ ਤੋਂ ਅਰੰਭ ਕਰੋ ਅਤੇ ਇਹ ਘਰ ਕੇਵਲ ਸੈਕ੍ਰੇਟਰੀ ਤਰਬੀਯਤ ਦਾ ਘਰ ਨਹੀਂ ਹੈ ਸਗੋਂ ਕਾਰਜਕਾਰੀ ਕਮੇਟੀ ਦੇ ਸਾਰਿਆਂ ਮੈਂਬਰਾਂ ਦਾ ਘਰ ਹੈ ਅਤੇ ਮਜਲਿਸੇ ਆਮਲਾ (ਕਾਰਜਕਾਰੀ ਕਮੇਟੀ) ਸਭ ਤੋਂ ਵੱਧ ਕੇ ਹੈ ਕਿ ਉਹ ਆਪਣੀ ਤਰਬੀਯਤ ਕਰੇ । ਅਮੀਰ ਜਮਾਤ, ਸਦਰ ਜਮਾਤ ਅਤੇ ਸੈਕ੍ਰੇਟਰੀ ਤਰਬੀਯਤ, ਸਭ ਤੋਂ ਪਹਿਲਾਂ ਜੋ ਵੀ ਪ੍ਰੋਗ੍ਰਾਮ ਬਣਾਉਂਦੇ ਹਨ ਇਹਨਾਂ ਨੂੰ ਸਭ ਤੋਂ ਪਹਿਲਾਂ ਆਪਣੀ ਕਾਰਜਕਾਰੀ ਕਮੇਟੀ ਨੂੰ ਦੇਖਣਾ ਚਾਹੀਦਾ ਹੈ ਕਿ ਉਹ ਇਹਨਾ ਪ੍ਰੋਗਰਾਮਾ'ਤੇ ਅਮਲ ਕਰ ਰਹੇ ਹਨ ਕਿ ਨਹੀਂ । ਰੱਬ ਦੇ ਜੋ ਮੁਢੱਲੇ ਆਦੇਸ਼ ਹਨ ਅਤੇ ਮਨੁੱਖੀ ਜਨਮ ਦਾ ਜੋ ਮੰਤਵ ਹੈ, ਉਸ ਨੂੰ ਕਾਰਜਕਾਰੀ ਕਮੇਟੀ ਦੇ ਮੈਂਬਰ ਪੂਰਾ ਕਰ ਰਹੇ ਹਨ ? ਜੇਕਰ ਨਹੀਂ ਤਾਂ ਫਿਰ ਤਕਵਾ ਨਹੀਂ ।

ਅਲੱਾਹ ਤਆਲਾ ਦੇ ਹੱਕ ਵਿੱਚ ਸਭ ਤੋਂ ਵੱਡਾ ਹੱਕ ਇਬਾਦਤ ਦਾ ਹੈ । ਇਸ ਲਈ ਪੁਰੁਸ਼ਾਂ ਨੂੰ ਇਹ ਹੁਕਮ ਹੈ ਕਿ ਨਮਾਜ਼ ਕਾਇਮ ਕਰੋ ਅਤੇ ਨਮਾਜ਼ਾਂ ਦਾ ਕਾਇਮ ਕਰਨਾ ਜਮਾਤ ਨਾਲ ਨਮਾਜ਼ ਪੜ੍ਹਨਾ ਹੈ । ਸੋ, ਅਮੀਰ (ਪ੍ਰਧਾਨ), ਸਦਰ

ਸਾਹਿਬਾਨ ਤੇ ਅਹੁਦੇਦਾਰ ਆਪਣੀਆਂ ਨਮਾਜ਼ਾਂ ਦੀ ਸੁਰੱਖਿਆ ਕਰਕੇ ਉਸ ਦੇ ਕਾਇਮ ਕਰਨ ਅਤੇ ਜਮਾਤ ਨਾਲ ਨਮਾਜ਼ ਪੜ੍ਹਨ ਦਾ ਭਰਪੂਰ ਜਤਨ ਕਰਨ ਤਾਂ ਜਿੱਥੇ ਉਸ ਨਾਲ ਸਾਡੀਆਂ ਮਸਜਿਦਾਂ ਆਬਾਦ ਹੋਣਗੀਆਂ, ਨਮਾਜ਼ ਸੈਂਟਰ ਅਬਾਦ ਹੋਣਗੇ ਓਥੇ ਉਹ ਰੱਬ ਦੀਆਂ ਮਿਹਰਾਂ ਨੂੰ ਵੀ ਪਾਉਣ ਵਾਲੇ ਹੋਣਗੇ ਅਤੇ ਆਪਣੇ ਅਮਲੀ ਨਮੂਨਿਆਂ ਨਾਲ ਜਮਾਤ ਦੇ ਲੋਕਾਂ ਨੂੰ ਵੀ ਸੀਖ ਦੇਣ ਵਾਲੇ ਹੋਣਗੇ । ਅਲੱਾਹ ਤਆਲਾ ਦੀਆਂ ਮਿਹਰਾਂ ਦੇ ਵੀ ਵਾਰਸ ਹੋਣਗੇ । ਉਹਨਾਂ ਦੇ ਕੰਮਾਂ ਵਿੱਚ ਵੀ ਆਸਾਨੀਆਂ ਪੈਦਾ ਹੋਣਗੀਆਂ । ਕੇਵਲ ਗਲੱਾਂ ਕਰਨ ਵਾਲੇ ਨਹੀਂ ਹੋਣਗੇ । ਸੋ, ਕੰਮ ਕਰਨ ਵਾਲੇ ਪਹਿਲਾਂ ਆਪਣੇ ਜਾਇਜ਼ੇ ਲੈਂਣ ਕਿ ਕਿੱਥੋਂ ਤੱਕ ਉਹਨਾਂ ਦੀ ਆਪਣੀ ਕਹਿਣੀ ਤੇ ਕਰਨੀ ਇਕ ਹੈ । ਅਲੱਾਹ ਤਆਲਾ ਫ਼ਰਮਾਉਂਦਾ ਹੈ :

(يٰۤاَيُّهَا الَّذِيۡنَ اٰمَنُوۡا لِمَ تَقُوۡلُوۡنَ مَا لَا تَفۡعَلُوۡنَ)

'ਯਾ ਅਯੁੱ ਹਲੱਜ਼ੀਨਾ ਆਮਾਨੂ ਲਿਮਾਤਕੂਲੂਨਾ ਮਾ ਲਾ ਤਫ਼ਆਲੂਨ'

ਅਰਥਾਤ ਹੇ, ਮੋਮਿਨੋ ਉਹ ਗਲੱਾਂ ਕਿਉਂ ਕਹਿੰਦੇ ਹੋ ਜੋ ਕਰਦੇ ਨਹੀਂ । (ਸੂਰਤ ਸਫ਼-3)

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ''ਇਹ ਆਇਤ ਹੀ ਦੱਸ ਰਹੀ ਹੈ ਕਿ ਦੁਨੀਆਂ ਵਿੱਚ ਕਹਿ ਕੇ ਫਿਰ ਆਪ ਨ ਕਰਨ ਵਾਲੇ ਵੀ ਮੌਜੂਦ ਸਨ ਅਤੇ ਹਨ ਅਤੇ ਹੋਣਗੇ ।'' ਫ਼ਰਮਾਇਆ ਕਿ ''ਤੁਸੀਂ ਮੇਰੀ ਗੱਲ ਸੁਣ ਰੱਖੋ ਅਤੇ ਚੰਗੀ ਤਰ੍ਹਾਂ ਚੇਤੇ ਕਰ ਲਓ ਕਿ ਮਨੁੱਖ ਦੀ ਗਲਬਾਤ ਸੱਚੇ ਮਨ ਨਾਲ ਨ ਹੋਵੇ ਅਤੇ ਅਮਲੀ ਤਾਕਤ ਉਸ ਵਿੱਚ ਨ ਹੋਵੇ ਤਾਂ ਉਹ ਪ੍ਰਭਾਵਸ਼ੀਲ ਨਹੀਂ ਹੁੰਦੀ ।'' (ਮਲਫ਼ੂਜ਼ਾਤ ਭਾਗ ਪਹਿਲਾ ਪੰਨਾ 67, ਐਡੀਸ਼ਨ 1985, ਛਾਪਾ ਇੰਗਲੈਂਡ)

ਫਿਰ ਫ਼ਰਮਾਇਆ, ''ਚੇਤੇ ਰੱਖੋ ਕੇਵਲ ਸ਼ਬਦ ਤੇ ਬੋਲ ਕੰਮ ਨਹੀਂ ਆ ਸਕਦੇ ਜੱਦ ਤੱਕ ਅਮਲ ਨ ਹੋਵੇ ।'' ਅਤੇ ''ਕੇਵਲ ਗਲੱਾਂ ਰੱਬ ਦੀ ਹਜ਼ੂਰੀ ਵਿੱਚ ਕੁਝ ਵੀ ਮਹਤੱਾ ਨਹੀਂ ਰੱਖਦੀਆਂ ।''

(ਮਲਫ਼ੂਜ਼ਾਤ ਭਾਗ ਪਹਿਲਾ ਪੰਨਾ 77, ਐਡੀਸ਼ਨ 1985ਈ. ਛਾਪਾ ਇੰਗਲੈਂਡ)

ਅਮਲਾਂ ਤੋਂ ਬਿਨਾ ਜੇਕਰ ਹੋਰ ਗਲੱਾਂ ਹਨ ਤਾਂ ਰੱਬ ਨੇੜੇ ਉਹਨਾਂ ਦੀ ਕੋਈ ਮਹਤੱਾ ਨਹੀਂ । ਸੋ, ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਨੇ ਰੱਬ ਦੇ ਇਸ ਆਦੇਸ਼ ਅਨੁਸਾਰ ਖੋਲਕੇ ਦੱਸ ਦਿਤੱਾ ਕਿ ਸਾਡੇ ਅਮਲਾਂ ਤੇ ਬੋਲਾਂ ਵਿੱਚ ਭਿੰਨਤਾ

ਨਹੀਂ ਹੋਣੀ ਚਾਹੀਦੀ । ਸੋ, ਇਸ ਗੱਲ ਨੂੰ ਸਾਹਮਣੇ ਰੱਖ ਕੇ ਜਾਇਜ਼ੇ ਲੈਂਣ ਵਾਲੇ ਸਭ ਤੋਂ ਵੱਧ ਸਾਡੇ ਅਹੁਦੇਦਾਰ ਹੋਣੇ ਚਾਹੀਦੇ ਹਨ ।

ਜਿੱਥੇ ਫ਼ਾਸਲੇ (ਦੂਰੀਆਂ) ਬਹੁਤੇ ਹਨ ਜਾਂ ਕੁਝ ਘਰ ਹਨ ਅਤੇ ਮਸਜਿਦ ਜਾਂ ਨਮਾਜ਼ ਸੈਂਟਰ ਦੀ ਸਹੂਲਤ ਮੌਜੂਦ ਨਹੀਂ ਓਥੇ ਘਰਾਂ ਵਿੱਚ ਨਮਾਜ਼ਾਂ ਦਾ ਪ੍ਰਬੰਧ ਹੋ ਸਕਦਾ ਹੈ । ਸਾਧਾਰਣ ਤੌਰ'ਤੇ ਇਹ ਮੁਸ਼ਕਲ ਨਹੀਂ ਹੈ । ਅਨੇਕਾਂ ਹੀ ਅਹਮਦੀ ਹਨ ਜੋ ਇਸ ਦੀ ਪਾਬੰਦੀ ਕਰਦੇ ਹਨ । ਉਹਨਾਂ ਕੋਲ ਕੋਈ ਬਕਾਇਦਾ ਸੇਵਾ ਵੀ ਨਹੀਂ ਹੈ । ਕਿਸੇ ਕਮੇਟੀ ਦੇ ਮੈਂਬਰ ਵੀ ਨਹੀਂ ਹਨ ਪਰ ਆਪਣੇ ਘਰਾਂ ਵਿੱਚ ਆਲ਼ੇ ਦੁਆਲੇ ਦੇ ਅਹਮਦੀਆਂ ਨੂੰ ਇਕੱਤਰ ਕਰਕੇ ਨਮਾਜ਼ ਜਮਾਤ ਨਾਲ ਪੜ੍ਹਨ ਦੀ ਵਿਵਸਥਾ ਕਰਦੇ ਹਨ । ਸੋ, ਜੇਕਰ ਅਹਿਸਾਸ ਹੋਵੇ ਤਾਂ ਸਭ ਕੁਝ ਹੋ ਸਕਦਾ ਹੈ ਅਤੇ ਸਾਡੇ ਹਰ ਅਹੁਦੇਦਾਰ ਵਿੱਚ ਨਮਾਜ਼ ਜਮਾਤ ਨਾਲ ਪੜ੍ਹਨ ਦਾ ਅਹਿਸਾਸ ਹੋਣਾ ਚਾਹੀਦਾ ਹੈ, ਵਰਨਾ ਅਮਾਨਤਾਂ ਦੇ ਹੱਕ ਪੂਰਾ ਕਰਨ ਵਾਲੇ ਨਹੀਂ ਹੋਣਗੇ, ਜਿਸ ਦੀ ਕੁਰਆਨ ਕਰੀਮ ਵਿੱਚ ਵਾਰ ਵਾਰ ਤਲਕੀਨ ਕੀਤੀ ਗਈ ਹੈ ।

ਸੋ, ਅਹੁਦੇਦਾਰ ਨੂੰ ਹਮੇਸ਼ਾਂ ਇਹ ਗੱਲ ਸਾਹਮਣੇ ਰਖੱਣੀ ਚਾਹੀਦੀ ਹੈ ਕਿ ਰੱਬ ਨੇ ਹਕੀਕੀ ਮੋਮਿਨ ਦੀ ਇਹ ਨਿਸ਼ਾਨੀ ਦੱਸੀ ਹੈ ਕਿ ਉਹ ਆਪਣੀਆਂ ਅਮਾਨਤਾ ਅਤੇ ਆਪਣੇ ਵਾਅਦਿਆਂ ਦਾ ਖ਼ਿਆਲ ਰਖੱਣ ਵਾਲੇ ਹਨ ਕਿ ਕਿਤੇ ਸਾਡੇ ਸੁਪੁਰਦ ਜੋ ਅਮਾਨਤਾਂ ਕੀਤੀਆਂ ਗਈਆਂ ਹਨ ਅਤੇ ਜੋ ਅਸੀਂ ਸੇਵਾ ਕਰਨ ਦਾ ਵਾਅਦਾ ਕੀਤਾ ਹੈ ਇਸ ਵਿੱਚ ਸਾਡੇ ਵੱਲੋਂ ਕੋਈ ਕਮੀ ਅਤੇ ਕੁਤਾਹੀ ਤਾਂ ਨਹੀਂ ਹੋ ਰਹੀ ? ਕਿਉਂਕਿ ਇਹ ਕੋਈ ਮਮੂਲੀ ਗੱਲ ਨਹੀਂ ਹੈ । ਅਲੱਾਹ ਤਆਲਾ ਨੇ ਕੁਰਆਨ ਕਰੀਮ ਵਿੱਚ ਇਹ ਵੀ ਫ਼ਰਮਾਇਆ ਹੈ ਕਿ إِنَّ الْعَهْدَ كَانَ مَسْئُولًا ਇਨੱਲ ਅਹਾਦਾ ਕਾਨਾ ਮਸਊਲਾ (ਬਨੀ ਇਸਰਾਈਲ : 35) ਕਿ ਹਰ ਅਹਿਦ (ਵਾਅਦੇ) ਬਾਰੇ ਇਕ ਨ ਇਕ ਦਿਨ ਜਵਾਬ ਤਲਬੀ (ਪੁੱਛ ਗਿੱਛ) ਹੋਵੇਗੀ । ਇਹ ਇਬਾਦਤ ਤਾਂ ਇਕ ਮੁਢੱਲੀ ਚੀਜ਼ ਹੈ ਅਤੇ ਇਹੋ ਉਦੇਸ਼ ਹੈ ਮਨੁੱਖ ਦੇ ਜਨਮ ਦਾ ਅਤੇ ਇਸ ਦਾ ਹੱਕ ਤਾਂ ਅਸੀਂ ਪੂਰਾ ਕਰਨਾ ਹੀ ਹੈ । ਇਸ ਵਿੱਚ ਸੁਸਤੀ ਤਾਂ ਵਿਸ਼ੇਸ਼ ਰੂਪ ਵਿੱਚ ਅਹੁਦੇਦਾਰਾਂ ਵਿੱਚ ਤਾਂ ਉੱਕਾ ਹੀ ਨਹੀਂ ਹੋਣੀ ਚਾਹੀਦੀ ਸਗੋਂ ਕਿਸੇ ਵੀ ਹਕੀਕੀ ਮੋਮਿਨ ਵੱਲੋਂ ਨਹੀਂ ਹੋਣੀ ਚਾਹੀਦੀ ।

ਇਸ ਤੋਂ ਬਿਨਾ ਵੀ ਕਈ ਗਲੱਾਂ ਹਨ ਜਿੰਨ੍ਹਾ ਦਾ ਅਹੁਦੇਦਾਰਾਂ ਨੂੰ ਵਿਸ਼ੇਸ਼ ਖ਼ਿਆਲ ਰਖੱਣਾ ਚਾਹੀਦਾ ਹੈ ਅਤੇ ਇਹ ਗਲੱਾਂ ਲੋਕਾਂ ਦੇ ਹੱਕ ਅਤੇ ਜਮਾਤ ਦੇ ਲੋਕਾਂ ਨਾਲ ਅਹੁਦੇਦਾਰਾਂ ਦੇ ਰਵੱਈਏ ਨਾਲ ਸੰਬੰਧ ਰਖੱਦੀਆਂ ਹਨ ਅਤੇ ਇਸੇ ਪ੍ਰਕਾਰ ਇਹ ਗਲੱਾਂ ਅਹੁਦੇਦਾਰਾਂ ਦੇ ਅਹਿਦਾਂ (ਬਚਨਾ, ਵਾਅਦਿਆਂ) ਨਾਲ ਵੀ ਸੰਬੰਧ ਰਖੱਦੀਆਂ ਹਨ ।

ਕੋਈ ਅਹੁਦੇਦਾਰ ਅਫ਼ਸਰ ਬਣਨ ਦੀ ਕਲਪਨਾ ਨਾਲ ਜਾਂ ਬਣਾਏ ਜਾਣ ਦੀ ਕਲਪਨਾ ਨਾਲ ਕਿਸੇ ਸੇਵਾ ਉਪੱਰ ਨਿਯੁਕਤ ਨਹੀਂ ਕੀਤਾ ਜਾਂਦਾ ਸਗੋਂ ਇਸਲਾਮ ਵਿੱਚ ਤਾਂ ਅਹੁਦੇਦਾਰ ਦੀ ਕਲਪਨਾ ਹੀ ਬਿਲਕੁਲ ਭਿੰਨ ਹੈ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਇਸ ਨੂੰ ਇਉਂ ਵਰਨਣ ਕੀਤਾ ਹੈ ਕਿ ਕੌਮ ਦਾ ਸਰਦਾਰ ਕੌਮ ਦਾ ਸੇਵਕ ਹੁੰਦਾ ਹੈ ।

(ਕਨਜ਼ੁਲ ਅਮਾਲ ਕਿਤਾਬੁਸ ਸਫ਼ਰ, ਅਲ ਫ਼ਸਲ ਸਾਨੀ ਫ਼ੀ ਆਦਾਬੁਸ ਸਫ਼ਰ, ਜੁਜ਼ 6, ਪੰਨਾ 302, ਹਦੀਸ 17513, ਮਤਬੂਆ ਦਾਰੁਲ ਕੁਤੁਬ ਅਲ ਇਲਮੀਯਹ ਬੈਰੂਤ 2004ਈ)

ਸੋ, ਇਕ ਅਹੁਦੇਦਾਰ ਦਾ ਲੋਕਾਂ ਦੇ ਮਾਮਲੇ ਵਿੱਚ ਆਪਣੀ ਅਮਾਨਤ ਦਾ ਹੱਕ ਪੂਰਾ ਕਰਨਾ ਉਸ ਕੌਮ ਦਾ ਸੇਵਕ ਬਣਕੇ ਰਹਿਣਾ ਹੈ । ਅਤੇ ਇਹ ਅਵਸਥਾ ਉਸ ਸਮੇਂ ਪੈਦਾ ਹੋ ਸਕਦੀ ਹੈ ਜੱਦ ਮਨੁੱਖ ਵਿੱਚ ਕੁਰਬਾਨੀ ਕਰਨ ਦਾ ਮਾਦਾ ਹੋਵੇ। ਉਸ ਵਿੱਚ ਵਿਨਮ੍ਰਤਾ ਤੇ ਆਜਜ਼ੀ ਹੋਵੇ । ਉਸ ਦੇ ਸਬਰ ਦਾ ਮਿਆਰ ਹੋਰਨਾ ਤੋਂ ਉਚੱਾ ਹੋਵੇ । ਕਈ ਵਾਰ ਅਹੁਦੇਦਾਰਾਂ ਨੂੰ ਕਈ ਗਲੱਾਂ ਵੀ ਸੁਨਣੀਆਂ ਪੈਂਦੀਆਂ ਹਨ। ਜੇਕਰ ਸੁਨਣੀਆਂ ਪੈਂਣ ਤਾਂ ਸੁਣ ਲੈਂਣੀਆਂ ਚਾਹੀਦੀਆਂ ਹਨ । ਇਹ ਜਾਇਜ਼ਾ ਤਾਂ ਅਹੁਦੇਦਾਰ ਆਪਣਾ ਆਪ ਲੈ ਸਕਦੇ ਹਨ, ਕਿ ਉਹਨਾਂ ਦੀ ਸਹਿਨ ਸ਼ਕਤੀ ਦਾ ਪੈਮਾਨਾ ਕਿੰਨ੍ਹਾ ਉਚੱਾ ਹੈ, ਕਿਸ ਹੱਦ ਤੱਕ ਹੈ ਅਤੇ ਆਜਜ਼ੀ ਤੇ ਵਿਨਮ੍ਰਤਾ ਦੀ ਹਾਲਤ ਉਹਨਾਂ ਦੀ ਕਿਸ ਹੱਦ ਤੱਕ ਹੈ । ਕਈ ਵਾਰ ਅਜਿਹੇ ਅਹੁਦੇਦਾਰਾਂ ਦੇ ਮਾਮਲੇ ਵੀ ਸਾਹਮਣੇ ਆ ਜਾਂਦੇ ਹਨ, ਜਿੰਨ੍ਹਾ ਵਿੱਚ ਸਹਿਨ ਕਰਨ ਦੀ ਸ਼ਕਤੀ ਉਕੱਾ ਹੀ ਨਹੀਂ ਹੁੰਦੀ ਅਤੇ ਜੇਕਰ ਕੋਈ ਦੂਜਾ ਬਦਤਮੀਜ਼ੀ ਕਰ ਰਿਹਾ ਹੋਵੇ ਤਾਂ ਇਹ ਵੀ ਤੂ ਤੜਾਕ ਕਰਨਾ ਅਰੰਭ ਕਰ ਦਿੰਦੇ ਹਨ । ਜੇਕਰ ਕੋਈ ਸਾਧਾਰਣ ਵਿਅਕਤੀ ਬਦਤਮੀਜ਼ ਹੈ ਤਾਂ ਉਸ ਨੂੰ ਇਸ ਤੋਂ ਕੋਈ ਫ਼ਰਕ ਨਹੀਂ ਪੈਂਦਾ । ਉਸ ਦੇ ਆਚਰਣ ਤਾਂ ਇਹੋ ਆਖਣਗੇ ਬਹੁਤ ਬਦਅਖ਼ਲਾਕ (ਭੈੜਾ) ਹੈ, ਇਸ ਦੇ

ਆਾਚਰਣ ਡਿੱਗੇ ਹੋਏ ਹਨ । ਪਰ ਜੱਦ ਅਹੁਦੇਦਾਰ ਦੇ ਮੂੰਹੋਂ ਭੈੜੇ ਸ਼ਬਦ ਲੋਕਾਂ ਸਾਹਮਣੇ ਨਿਕਲਦੇ ਹਨ ਤਾਂ ਅਹੁਦੇਦਾਰ ਦੇ ਆਪਣੇ ਸਨਮਾਨ ਤੇ ਵਕਾਰ ਨੂੰ ਢਾਹ ਲਗੱਦਾ ਹੈ ਅਤੇ ਨਾਲ ਹੀ ਜਮਾਤ ਦੇ ਲੋਕਾਂ ਉਪੱਰ ਵੀ ਪ੍ਰਭਾਵ ਪੈਂਦਾ ਹੈ । ਜਮਾਤ ਦਾ ਜੋ ਮਿਆਰ ਹੋਣਾ ਚਾਹੀਦਾ ਹੈ ਅਤੇ ਜਿਸ ਮਿਆਰ'ਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸਾਨੂੰ ਦੇਖਣਾ ਚਾਹੁੰਦੇ ਹਨ ਇਸ ਵਿੱਚ ਕਿਤੇ ਇਕ ਵੀ ਅਜਿਹੀ ਉਧਾਰਣ ਹੋ ਜਾਵੇ ਤਾਂ ਜਮਾਤ ਦੀ ਬਦਨਾਮੀ ਦਾ ਸਬਬ ਬਣਦਾ ਹੈ ਅਤੇ ਬਣ ਸਕਦਾ ਹੈ ਅਤੇ ਇਹ ਉਧਾਰਣਾ ਕਈ ਥਾਵਾਂ'ਤੇ ਮਿਲਦੀਆਂ ਹਨ । ਮਸਜਿਦਾਂ ਵਿੱਚ ਵੀ ਝਗੜੇ ਅਰੰਭ ਹੋ ਜਾਂਦੇ ਹਨ । ਇਹ ਗੱਲਾਂ ਬੱਚਿਆਂ ਅਤੇ ਨੌਜੁਆਨਾਂ ਉਪੱਰ ਅਤਿਅੰਤ ਭੈੜਾ ਪ੍ਰਭਾਵ ਪਾਉਂਦੀਆਂ ਹਨ ।

ਅਲੱਾਹ ਤਆਲਾ ਸਾਥੋਂ ਕੀ ਚਾਹੁੰਦਾ ਹੈ ਅਤੇ ਕੁਰਬਾਨੀ ਦੇ ਉਚੱਤਮ ਮਿਆਰ ਕਾਇਮ ਕਰਨ ਵਾਲਿਆਂ ਦਾ ਰੱਬ ਨੇ ਕਿਵੇਂ ਵਰਨਣ ਕੀਤਾ ਹੈ । ਇਕ ਥਾਂ ਫ਼ਰਮਾਇਆ ਕਿ وَيُؤْثِرُوْنَ عَلٰٓى اَنْفُسِهِمْ ۔(الحشر: 10) ਵ ਯੂਸਿਰੂਨਾ ਅਲਾ ਅਨਫ਼ੁਸਿਹਿਮ, (ਅਲਹਸ਼ਰ : 10) ਕਿ ਮੋਮਿਨ ਜੋ ਹਨ ਆਪਣੇ ਧਰਮ ਭਰਾਵਾਂ ਨੂੰ ਆਪਣੇ ਉਪੱਰ ਪ੍ਰਾਥਮਿਕਤਾ ਦਿੰਦੇ ਹਨ । ਇਹ ਉਧਾਰਣ ਅੰਸਾਰ ਨੇ ਮੁਹਾਜਰੀਨ ਲਈ ਕਾਇਮ ਕੀਤੀ । ਅਤੇ ਇਹੋ ਇਕ ਨਮੂਨਾ ਸਾਡੇ ਲਈ ਹੈ । ਇਹ ਆਪਣੇ ਆਪ ਨੂੰ ਪ੍ਰਾਥਮਿਕਤਾ ਦੇਣੀ ਤਾਂ ਬਹੁਤ ਦੂਰ ਦੀ ਗੱਲ ਹੈ ਅਤੇ ਵੱਡੀ ਗੱਲ ਹੈ, ਕਈ ਵਾਰ ਤਾਂ ਕਿਸੇ ਦਾ ਜੋ ਹੱਕ ਹੈ, ਉਹ ਵੀ ਪੂਰੀ ਤਰ੍ਹਾਂ ਨਹੀਂ ਦਿਤੱਾ ਜਾਂਦਾ । ਲੋਕਾਂ ਦੇ ਕਈ ਮਾਮਲੇ ਅਹੁਦੇਦਾਰਾਂ ਕੋਲ ਜਾਂ ਮਰਕਜ਼ (ਕੇਂਦਰ) ਵਿੱਚ ਰਿਪੋਰਟ ਭਿਜਵਾਉਣ ਲਈ ਆਉਂਦੇ ਹਨ ਜਾਂ ਮਰਕਜ਼ (ਕੇਂਦਰ) ਵਿੱਚੋਂ ਰਿਪੋਰਟ ਭਿਜਵਾਉਣ ਲਈ ਕਈ ਮਾਮਲੇ ਭੇਜੇ ਜਾਂਦੇ ਹਨ ਤਾਂ ਬਹੁਤ ਹੀ ਬੇਧਿਆਨੀ ਨਾਲ ਮਾਮਲੇ ਦੀ ਰਿਪੋਰਟ ਦਿੱਤੀ ਜਾਂਦੀ ਹੈ । ਉਚਿਤ ਢੰਗ ਨਾਲ ਖੋਜ ਨਹੀਂ ਕੀਤੀ ਜਾਂਦੀ ਅਤੇ ਰਿਪੋਰਟ ਭਿਜਵਾ ਦਿੱਤੀ ਜਾਂਦੀ ਹੈ ਜਾਂ ਮਾਮਲੇ ਨੂੰ ਐਨ੍ਹਾ ਲਟਕਾ ਦਿੱਤਾ ਜਾਂਦਾ ਹੈ ਕਿ ਜੇਕਰ ਕਿਸੇ ਲੋੜਵੰਦ ਦੀ ਲੋੜ ਪੂਰੀ ਕਰਨ ਲਈ ਕੋਈ ਬਿਨਤੀ ਹੈ ਤਾਂ ਸਮੇਂ ਸਿਰ ਪੂਰੀ ਨ ਹੋਣ ਕਰਕੇ ਉਸ ਲੋੜਵੰਦ ਨੂੰ ਨੁਕਸਾਨ ਹੋ ਜਾਂਦਾ ਹੈ ਜਾਂ ਕਸ਼ਟ ਝਲੱਣਾ ਪੈਂਦਾ ਹੈ । ਕਈ ਅਹੁਦੇਦਾਰ ਆਪਣੇ ਰੁਝੇਵਿਆਂ ਦਾ ਵੀ ਬਹਾਨਾ ਪੇਸ਼ ਕਰ ਦਿੰਦੇ ਹਨ ।

ਕਈਆਂ ਕੋਲ ਕੋਈ ਬਹਾਨਾ ਨਹੀਂ ਹੁੰਦਾ ਕੇਵਲ ਬੇ ਧਿਆਨੀ ਹੁੰਦੀ ਹੈ । ਜੇਕਰ ਉਹਨਾਂ ਦੇ ਆਪਣੇ ਮਾਮਲੇ ਹੋਣ ਜਾਂ ਕਿਸੇ ਨੇੜਤਾ ਰਖੱਣ ਵਾਲੇ ਦੇ ਮਾਮਲੇ ਹੋਣ ਤਾਂ ਤਰਜੀਹ (ਪਹਿਲ) ਭਿੰਨ ਹੁੰਦੀ ਹੈ ।

ਸੋ, ਹਕੀਕੀ ਸੇਵਾ ਦੀ ਭਾਵਨਾ, ਕੁਰਬਾਨੀ ਦੀ ਭਾਵਨਾ, ਆਪਣੀ ਅਮਾਨਤ ਦਾ ਉਚਿਤ ਹੱਕ ਪੂਰਾ ਕਰਨਾ ਤਾਂ ਇਹ ਹੈ ਕਿ ਇਕ ਚਿੰਤਾ ਨਾਲ ਦੂਜਿਆਂ ਦੇ ਕੰਮ ਆਇਆ ਜਾਵੇ ਅਤੇ ਜੱਦ ਇਹ ਕੁਰਬਾਨੀ ਦੀ ਭਾਵਨਾ ਅਤੇ ਦੂਜਿਆਂ ਦੇ ਕਸ਼ਟ ਨੂੰ ਆਪਣਾ ਕਸ਼ਟ ਸਮਝ ਕੇ ਕੰਮ ਕੀਤਾ ਜਾਵੇ ਤਾਂ ਜਮਾਤ ਦੇ ਲੋਕਾਂ ਦਾ ਵੀ ਕੁਰਬਾਨੀ ਦਾ ਮਿਆਰ ਵਧੇਗਾ । ਇਕ ਦੂਜੇ ਦੇ ਹੱਕ ਮਾਰਨ ਦੀ ਥਾਂ ਹੱਕ ਦੇਣ ਵੱਲ ਧਿਆਨ ਹੋਵੇਗਾ । ਅਸੀਂ ਗ਼ੈਰਾਂ ਸਾਹਮਣੇ ਤਾਂ ਇਹ ਕਹਿੰਦੇ ਹਾਂ ਕਿ ਦੁਨੀਆਂ ਵਿੱਚ ਅਮਨ ਤਾਂ ਹੀ ਕਾਇਮ ਹੋ ਸਕਦਾ ਹੈ ਜੱਦ ਹਰ ਪਧੱਰ'ਤੇ ਹੱਕ ਲੈਂਣ ਅਤੇ ਹੱਕ ਮਾਰਨ ਦੀ ਥਾਂ ਹੱਕ ਦੇਣ ਅਤੇ ਕੁਰਬਾਨੀ ਦੀ ਭਾਵਨਾ ਪੈਦਾ ਹੋਵੇ ਪਰ ਜੇਕਰ ਸਾਡੇ ਅੰਦਰ ਇਹ ਮਿਆਰ ਨਹੀਂ ਤਾਂ ਅਸੀਂ ਇਕ ਅਜਿਹਾ ਕੰਮ ਕਰ ਰਹੇ ਹੋਵਾਂਗੇ ਜੋ ਰੱਬ ਨੂੰ ਪਸੰਦ ਨਹੀਂ ਹੈ ।

ਫਿਰ ਇਕ ਗੁਣ ਜੋ ਵਿਸ਼ੇਸ਼ ਰੂਪ ਵਿੱਚ ਅਹੁਦੇਦਾਰਾਂ ਵਿੱਚ ਹੋਣਾ ਚਾਹੀਦਾ ਹੈ ਉਹ ਆਜਜ਼ੀ ਤੇ ਵਿਨਮ੍ਰਤਾ ਹੈ । ਰੱਬ ਨੇ ਇਬਾਦੁਰ ਰਹਮਾਨ (ਰਹਿਮਾਨ ਰੱਬ ਦੀ ਬੰਦਗੀ ਕਰਨ ਵਾਲਿਆਂ) ਦੀ ਇਹ ਨਿਸ਼ਾਨੀ ਦੱਸੀ ਹੈ ਕਿ يَمۡشُوۡنَ عَلَی الۡاَرۡضِ هَوۡنًا (الفرقان:64) ਯਮਸ਼ੂਨਾ ਅਲਲ ਅਰਜ਼ਿ ਹੌਨਾ (ਅਲਫ਼ੁਰਕਾਨ : 64) ਕਿ ਉਹ ਧਰਤੀ'ਤੇ ਵਿਨਮ੍ਰਤਾ ਨਾਲ ਚਲਦੇ ਹਨ । ਸੋ, ਇਸ ਦੀਆਂ ਵੀ ਉਤੱਮ ਉਧਾਰਣਾ ਸਾਡੇ ਅਹੁਦੇਦਾਰਾਂ ਵਿੱਚ ਹੋਣੀਆਂ ਚਾਹੀਦੀਆਂ ਹਨ । ਜਿੱਨ੍ਹਾ ਵੱਡਾ ਕਿਸੇ ਕੋਲ ਅਹੁਦਾ ਹੈ ਉਨ੍ਹਾਂ ਹੀ ਬਹੁਤਾ ਉਸ ਨੂੰ ਸੇਵਾ ਭਾਵਨਾ ਨਾਲ ਲੋਕਾਂ ਨੂੰ ਮਿਲਣ ਦੇ ਪੱਖੋਂ ਆਜਜ਼ੀ ਤੇ ਵਿਨਮ੍ਰਤਾ ਦਿਖਾਉਣੀ ਚਾਹੀਦੀ ਹੈ ਅਤੇ ਇਹੋ ਵਡਪੱਨ ਹੈ । ਲੋਕ ਦੇਖਦੇ ਵੀ ਹਨ ਅਤੇ ਅਨੁਭਵ ਵੀ ਕਰਦੇ ਹਨ ਕਿ ਅਹੁਦੇਦਾਰਾਂ ਦੇ ਰਵੱਈਏ ਕੀ ਹਨ । ਕਈ ਵਾਰ ਲੋਕ ਮੈਂਨੂੰ ਲਿੱਖ ਵੀ ਦਿੰਦੇ ਹਨ ਕਿ ਫਲਾਣੇ ਅਹੁਦੇਦਾਰ ਦਾ ਰਵੱਈਆ ਅਜਿਹਾ ਸੀ ਪਰ ਅੱਜ ਮੈਂਨੂੰ ਬਹੁਤ ਖ਼ੁਸ਼ੀ ਹੋਈ ਕਿ ਇਸ ਅਹੁਦੇਦਾਰ ਨੇ ਮੈਂਨੂੰ ਨ ਕੇਵਲ ਸਲਾਮ ਕੀਤਾ ਸਗੋਂ ਮੇਰਾ ਹਾਲ ਵੀ ਪੁੱਛਿਆ ਅਤੇ ਬਹੁਤ ਖ਼ੁਸ਼

ਅਖ਼ਲਾਕੀ ਨਾਲ ਮਿਲਿਆ ਅਤੇ ਇਸ ਦੇ ਰਵੱਈਏ ਨੂੰ ਦੇਖਕੇ ਖ਼ੁਸ਼ੀ ਹੋਈ ਅਤੇ ਇਸ ਨਾਲ ਉਸ ਅਹੁਦੇਦਾਰ ਦਾ ਵਡਪੱਨ ਪ੍ਰਕਟ ਹੋਇਆ ।

ਸੋ, ਜਮਾਤ ਦੇ ਬਹੁਤੇ ਲੋਕ ਤਾਂ ਅਜਿਹੇ ਹਨ ਕਿ ਉਹ ਅਹੁਦੇਦਾਰਾਂ ਦੇ ਪਿਆਰ, ਨਰਮੀ ਤੇ ਵਿਨਮ੍ਰਤਾ ਭਰੇ ਵਰਤਾਉ ਕਰਕੇ ਖ਼ੁਸ਼ ਹੋਕੇ ਹਰ ਕੁਰਬਾਨੀ ਲਈ ਤਿਆਰ ਹੋ ਜਾਂਦੇ ਹਨ । ਜੇਕਰ ਕਿਸੇ ਅਹੁਦੇਦਾਰ ਦੇ ਮਨ ਵਿੱਚ ਆਪਣੇ ਅਹੁਦੇ ਦੇ ਸਬਬ ਕਿਸੇ ਵੀ ਪ੍ਰਕਾਰ ਦੀ ਵੱਡਿਆਈ ਪੈਦਾ ਹੁੰਦੀ ਹੈ ਜਾਂ ਹੰਕਾਰ ਪੈਦਾ ਹੁੰਦਾ ਹੈ ਤਾਂ ਉਸ ਨੂੰ ਚੇਤਾ ਰਖੱਣਾ ਚਾਹੀਦਾ ਹੈ ਕਿ ਇਹ ਚੀਜ਼ ਰੱਬ ਤੋਂ ਦੂਰ ਲੈ ਜਾਂਦੀ ਹੈ ਅਤੇ ਜੱਦ ਮਨੁੱਖ ਰੱਬ ਤੋਂ ਦੂਰ ਹੋ ਜਾਂਦਾ ਹੈ ਤਾਂ ਫਿਰ ਕੰਮ ਵਿੱਚ ਬਰਕਤ ਨਹੀਂ ਰਹਿੰਦੀ । ਧਰਮ ਦਾ ਕੰਮ ਤਾਂ ਹੈ ਖ਼ਾਲਸ ਰੱਬ ਦੀ ਰਜ਼ਾ ਲਈ ਅਤੇ ਜੱਦ ਰੱਬ ਦੀ ਰਜ਼ਾ ਹੀ ਨਹੀਂ ਰਹੀ ਤਾਂ ਫਿਰ ਅਜਿਹਾ ਮਨੁੱਖ ਜਮਾਤ ਲਈ ਵੀ ਲਾਭ ਦੀ ਥਾਂ ਹਾਨੀ ਦਾ ਸਬਬ ਬਣ ਜਾਂਦਾ ਹੈ ।

ਸੋ, ਹਮੇਸ਼ਾ ਅਹੁਦੇਦਾਰਾਂ ਨੂੰ ਵਿਸ਼ੇਸ਼ ਰੂਪ ਵਿੱਚ ਇਸ ਪੱਖੋਂ ਆਪਣੇ ਜਾਇਜ਼ੇ ਲੈਂਦੇ ਰਹਿਣਾ ਚਾਹੀਦਾ ਹੈ ਕਿ ਉਹਨਾਂ ਵਿੱਚ ਆਜਜ਼ੀ ਹੈ ਜਾਂ ਨਹੀਂ । ਅਤੇ ਹੈ ਤਾਂ ਕਿਸ ਹੱਦ ਤੱਕ ? ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਜਿੰਨ੍ਹਾ ਬਹੁਤਾ ਕੋਈ ਆਜਜ਼ੀ ਤੇ ਵਿਨਮ੍ਰਤਾ ਧਾਰਣ ਕਰਦਾ ਹੈ ਉਹਨਾਂ ਹੀ ਰੱਬ ਉਸ ਨੂੰ ਬੁਲੰਦ ਮਰਤਬੇ ਬਖ਼ਸ਼ਦਾ ਹੈ ।

(ਸਹੀ ਮੁਸਲਿਮ ਕਿਤਾਬ ਅਲਬਿੱਰਿ ਵ ਸੱਲਾਤ ਵਲ ਆਦਾਬ, ਬਾਬ ਇਸਤਹਬਾਬੁਲ ਅਫ਼ਵ ਵ ਤਵਾਜ਼ੁ ਹਦੀਸ 6487)

ਸੋ, ਹਰ ਅਹੁਦੇਦਾਰ ਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ ਜੇਕਰ ਉਸ ਨੂੰ ਰੱਬ ਨੇ ਜਮਾਤ ਦੀ ਸੇਵਾ ਦਾ ਮੌਕਾ ਦਿਤੱਾ ਹੈ ਤਾਂ ਇਹ ਰੱਬ ਦਾ ਉਪਕਾਰ ਹੈ ਅਤੇ ਇਸ ਉਪਕੱਾਰ ਦੀ ਸ਼ੁਕਰਗੁਜ਼ਾਰੀ ਇਸ ਵਿੱਚ ਹੈ ਕਿ ਹੋਰ ਆਜਜ਼ੀ ਤੇ ਵਿਨਮ੍ਰਤਾ ਪੈਦਾ ਹੋਣੀ ਹੈ । ਜੇਕਰ ਇਹ ਆਜਜ਼ੀ ਤੇ ਵਿਨਮ੍ਰਤਾ ਹੋਰ ਪੈਦਾ ਨਹੀਂ ਹੁੰਦੀ ਤਾਂ ਰੱਬ ਦੇ ਉਪਕਾਰ ਦਾ ਸ਼ੁਕਰਾਨਾ ਨਹੀਂ ਹੁੰਦਾ ।

ਕਈ ਵਾਰ ਦੇਖਣ ਵਿੱਚ ਆਉਂਦਾ ਹੈ ਕਿ ਕਈ ਲੋਕ ਜੇਕਰ ਸਾਧਾਰਣ ਤੌਰ'ਤੇ ਮਿਲਣ ਤਾਂ ਬਹੁਤ ਹੀ ਵਿਨਮ੍ਰਤਾ ਤੇ ਆਜਜ਼ੀ ਦਰਸ਼ਾਉਂਦੇ ਹਨ । ਲੋਕਾਂ ਨਾਲ ਵੀ ਸਹੀ ਤਰੀਕੇ ਨਾਲ ਮਿਲ ਰਹੇ ਹੁੰਦੇ ਹਨ । ਪਰ ਜੱਦ ਕਿਸੇ ਦਾ ਆਪਣੇ

ਮਾਤਹਿਤ ਜਾਂ ਕਿਸੇ ਸਾਧਾਰਣ ਵਿਅਕਤੀ ਨਾਲ ਵਿਚਾਰਾਂ ਵਿੱਚ ਮਤਿਭੇਦ ਹੋ ਜਾਵੇ ਤਾਂ ਝੱਟ ਉਹਨਾਂ ਦੀ ਅਫ਼ਸਰੀ ਦੀ ਰੱਗ ਜਾਗ ਜਾਂਦੀ ਹੈ ਅਤੇ ਵੱਡੇ ਅਫ਼ਸਰ ਹੋਣ ਦਾ ਰੋਹਬ ਆਪਣੇ ਮਾਤਹਿਤ ਨਾਲ ਹੰਕਾਰੀ ਰਵੱਈਏ ਦਾ ਦਿਖਾਵਾ ਕਰਾ ਦਿੰਦਾ ਹੈ । ਸੋ, ਆਜਜ਼ੀ ਤੇ ਵਿਨਮ੍ਰਤਾ ਇਹ ਨਹੀਂ ਕਿ ਜੱਦ ਤੱਕ ਕੋਈ ਜੀ ਹਜ਼ੂਰੀ ਕਰਦਾ ਰਹੇ, ਕਿਸੇ ਨੇ ਵਿਚਾਰਾਂ ਵਿੱਚ ਮਤਿਭੇਦ ਨਹੀਂ ਕੀਤਾ ਤਾਂ ਉਸ ਸਮੇਂ ਤੱਕ ਆਜਜ਼ੀ ਪ੍ਰਕਟ ਹੋਵੇ । ਇਹ ਬਣਾਉਟੀ ਆਜਜ਼ੀ ਹੈ । ਅਸਲ ਹਕੀਕਤ ਉਸ ਸਮੇਂ ਖੁਲ੍ਹਦੀ ਹੈ ਜੱਦ ਵਿਚਾਰਾਂ ਵਿੱਚ ਭਿੰਨਤਾਂ ਹੋਵੇ ਜਾਂ ਮਾਤਹਿਤ ਮਰਜ਼ੀ ਦੇ ਵਿਰੁਧ ਗੱਲ ਕਰ ਦੇਵੇ ਫਿਰ ਇੰਸਾਫ਼ ਉਪੱਰ ਕਾਇਮ ਰਹਿੰਦਿਆਂ ਹੋਇਆਂ ਉਸ ਵਿਚਾਰ ਦਾ ਚੰਗੀ ਤਰ੍ਹਾਂ ਜਾਇਜ਼ਾ ਲੈਕੇ ਫ਼ੈਸਲਾ ਕੀਤਾ ਜਾਵੇ । ਸੋ, ਇਸ ਆਜਜ਼ੀ ਨਾਲ ਬੁਲੰਦ ਹੌਂਸਲੇ ਦਾ ਵੀ ਪ੍ਰਗਟਾਵਾ ਹੋਵੇਗਾ ਅਤੇ ਜੱਦ ਇਹ ਹੋਵੇਗਾ ਤਾਂ ਇਹ ਆਜਜ਼ੀ ਹਕੀਕੀ ਆਜਜ਼ੀ ਅਖਵਾਏਗੀ ।

ਹਮੇਸ਼ਾ ਅਹੁਦੇਦਾਰ ਨੂੰ ਰੱਬ ਦਾ ਇਹ ਆਦੇਸ਼ ਸਾਹਮਣੇ ਰਖੱਣਾ ਚਾਹੀਦਾ ਹੈ ਕਿ (وَلَا تُصَعِّرْ خَدَّكَ لِلنَّاسِ وَلَا تَمْشِ فِي الْأَرْضِ مَرَحًا ـ(لقمان: 19) ਵਲਾ ਤੁਸਾੱਇਰ ਖ਼ਦੱਾਕਾ ਲਿਨੱਾਸਿ ਵਲਾ ਤੁਮਸ਼ਿ ਫ਼ਿਲ ਅਰਜ਼ਿ ਮਰਹਾ (ਲੁਕਮਾਨ : 19) ਅਤੇ ਆਪਣੇ ਗਲ ਲੋਕਾਂ ਸਾਹਣੇ ਗੁੱਸੇ ਨਾਲ ਨ ਫੁਲਾਓ (ਭਾਵ ਗੁੱਸੇ ਨਾਲ ਮੂੰਹ ਨ ਫੁਲਾਓ) ਅਤੇ ਧਰਤੀ'ਤੇ ਹੰਕਾਰ ਨਾਲ ਨ ਚੱਲੋ ।

ਵਿਚਾਰਾਂ ਦੇ ਮਤਿਭੇਦ ਦੀ ਮੈਂ ਗੱਲ ਕੀਤੀ ਹੈ ਕਿ ਇਸ ਬਾਰੇ ਮੈਂ ਇਹ ਵੀ ਦੱਸ ਦਿਆਂ ਕਿ ਨਿਯਮ ਭਾਵੇਂ ਅਮੀਰ ਨੂੰ ਇਹ ਆਗਿਆ ਦਿੰਦੇ ਹਨ ਕਿ ਕਈ ਵਾਰ ਉਹ ਕਾਰਜਕਾਰੀ ਕਮੇਟੀ ਦੀ ਰਾਏ ਨੂੰ ਰੱਦ ਕਰਕੇ ਆਪਣੀ ਰਾਏ ਅਨੁਸਾਰ ਫ਼ੈਸਲਾ ਕਰੇ, ਪਰ ਹਮੇਸ਼ਾ ਉਸ ਨੂੰ ਇਹ ਜਤਨ ਕਰਨਾ ਚਾਹੀਦਾ ਹੈ ਕਿ ਸਾਰਿਆਂ ਨੂੰ ਨਾਲ ਲੈਕੇ ਚੱਲੇ ਅਤੇ ਮਸ਼ਵਰੇ ਨਾਲ, ਬਹੁਤਿਆਂ ਦੀ ਰਾਏ ਨਾਲ ਹੀ ਫ਼ੈਸਲੇ ਹੋਣ ਅਤੇ ਕੰਮ ਹੋਣ । ਕਈ ਥਾਂ ਪ੍ਰਧਾਨ ਇਸ ਅਧਿਕਾਰ ਨੂੰ ਲੋੜ ਤੋਂ ਵੱਧ ਵਰਤੋਂ ਕਰਨ ਲੱਗ ਜਾਂਦੇ ਹਨ । ਇਸ ਅਧਿਕਾਰ ਦੀ ਵਰਤੋਂ ਅਖੀਰੀ ਅਵਸਥਾ ਵਿੱਚ ਹੋਣੀ ਚਾਹੀਦੀ ਹੈ । ਜਿੱਥੇ ਇਹ ਪਤਾ ਹੋਵੇ ਕਿ ਜਮਾਤ ਦਾ ਇਹ ਹਿੱਤ ਹੈ ਤਾਂ ਫਿਰ ਓਥੇ ਕਾਰਜਕਾਰੀ ਕਮੇਟੀ'ਤੇ ਸਪਸ਼ਟ ਵੀ ਕਰ ਦਿੱਤਾ ਜਾਵੇ । ਜਮਾਤ ਦੇ ਵੱਡੇ ਹਿੱਤ

ਨੂੰ ਸਾਹਮਣੇ ਰੱਖਦਿਆਂ ਹੋਇਆਂ ਇਹ ਹੋਣਾ ਚਾਹੀਦਾ ਹੈ । ਇਸ ਲਈ ਦੁਆ ਨਾਲ ਵੀ ਰੱਬ ਦੀ ਮਦਦ ਲੈਂਣੀ ਚਾਹੀਦੀ ਹੈ । ਕੇਵਲ ਆਪਣੀ ਅਕਲ ਉਪੱਰ ਹੀ ਭਰੋਸਾ ਨ ਕਰੋ । ਪ੍ਰਤੱਖ ਹੋਵੇ ਕਿ ਇਹ ਹੱਕ ਜਮਾਤ ਦੇ ਸਦਰ ਸਾਹਿਬਾਨ ਨੂੰ ਨਹੀਂ । ਜਿੱਥੇ ਨੈਸ਼ਲ ਸਦਰ ਹਨ ਓਥੇ ਵੀ ਉਹਨਾਂ ਨੂੰ ਵੀ ਨਹੀਂ ਕਿ ਕਾਰਜਕਾਰੀ ਕਮੇਟੀ ਦੀ ਰਾਏ ਨੂੰ ਰੱਦ ਕਰਦਿਆਂ ਹੋਇਆਂ ਆਪਣੀ ਰਾਏ ਅਨੁਸਾਰ ਫ਼ੈਸਲਾ ਕਰਨ । ਆਪਣੇ ਆਪਣੇ ਦਾਇਰੇ ਨੂੰ ਸਮਝਣ ਲਈ ਅਹੁਦੇਦਾਰਾਂ ਲਈ ਜ਼ਰੂਰੀ ਹੈ ਕਿ ਨਿਯਮਾ ਤੇ ਕਾਇਦਿਆਂ ਨੂੰ ਪੜ੍ਹਨ ਅਤੇ ਸਮਝਣ । ਜੇਕਰ ਨਿਯਮਾ ਅਨੁਸਾਰ ਅਮਲ ਕਰਨਗੇ ਤਾਂ ਕਈ ਛੋਟੇ ਛੋਟੇ ਮਸਲੇ ਜੋ ਕਾਰਜਕਾਰੀ ਕਮੇਟੀ ਅੰਦਰ ਜਾਂ ਜਮਾਤ ਦੇ ਲੋਕਾਂ ਲਈ ਬੇਚੈਨੀ ਦਾ ਸਬਬ ਬਣ ਜਾਂਦੇ ਹਨ ਉਹ ਨਹੀਂ ਬਣਨਗੇ ।

ਫਿਰ ਅਹੁਦੇਦਾਰਾਂ ਦੀ ਇਹ ਵੀ ਵਿਸ਼ੇਸ਼ਤਾ ਹੋਣੀ ਚਾਹੀਦੀ ਹੈ ਕਿ ਉਹ ਆਪਣੇ ਮਾਤਹਿਤਾਂ ਨਾਲ ਚੰਗਾ ਵਰਤਾਉ ਕਰਨ । ਜਮਾਤ ਦੇ ਬਹੁਤੇ ਕੰਮ ਤਾਂ ਰਜ਼ਾਕਾਰਾਨਾ (ਸਵੈ ਸੇਵਕਾਂ ਰਾਹੀਂ) ਹੁੰਦੇ ਹਨ । ਜਮਾਤ ਦੇ ਲੋਕ ਜਮਾਤੀ ਕੰਮਾ ਲਈ ਸਮਾਂ ਦਿੰਦੇ ਹਨ । ਇਸ ਲਈ ਸਮਾਂ ਦਿੰਦੇ ਹਨ ਕਿ ਉਹ ਰੱਬ ਦੀ ਰਜ਼ਾ ਚਾਹੁੰਦੇ ਹਨ । ਇਸ ਲਈ ਸਮਾਂ ਦਿੰਦੇ ਹਨ ਕਿ ਉਨਾਂ ਨੂੰ ਜਮਾਤ ਨਾਲ ਸੰਬੰਧ ਤੇ ਪਿਆਰ ਹੈ । ਸੋ, ਅਹੁਦੇਦਾਰਾਂ ਨੂੰ ਵੀ ਆਪਣੇ ਕੰਮ ਕਰਨ ਵਾਲਿਆਂ ਦੀਆਂ ਭਾਵਨਾਵਾਂ ਦਾ ਖ਼ਿਆਲ ਰਖੱਣਾ ਚਾਹੀਦਾ ਹੈ ਅਤੇ ਉਹਨਾਂ ਨਾਲ ਸਦਭਾਵਨਾ ਨਾਲ ਪੇਸ਼ ਆਉਣਾ ਚਾਹੀਦਾ ਹੈ ਅਤੇ ਇਹੋ ਇਲਾਹੀ ਆਦੇਸ਼ ਹੈ ।

ਫਿਰ ਇਸ ਚੰਗੇ ਵਰਤਾਉ ਨਾਲ ਆਪਣੇ ਨਾਇਬ ਤੇ ਮਾਤਹਿਤਾਂ ਨੂੰ ਕੰਮ ਸਿਖਾਉਣ ਦਾ ਵੀ ਜਤਨ ਕਰਨਾ ਚਾਹੀਦਾ ਹੈ ਤਾਂ ਜੋ ਜਮਾਤੀ ਕੰਮ ਚੰਗੀ ਤਰ੍ਹਾਂ ਚਲਾਉਣ ਲਈ ਹਮੇਸ਼ਾ ਹੀ ਸੇਵਕ ਮਿਲਦੇ ਰਹਿਣ । ਇਸ ਵਿੱਚ ਤਾਂ ਕੋਈ ਸੰਦੇਹ ਨਹੀਂ ਹੈ ਕਿ ਜਮਾਤ ਦੇ ਕੰਮਾ ਨੂੰ ਰੱਬ ਚਲਾਉਂਦਾ ਹੈ ਪਰ ਅਫ਼ਸਰ, ਅਹੁਦੇਦਾਰ ਜਿੰਨ੍ਹਾ ਨੂੰ ਕੰਮ ਦਾ ਤਜਰਬਾ ਹੈ ਕੰਮ ਕਰਨ ਵਾਲਿਆਂ ਦੀ ਦੂਜੀ ਲਾਈਨ ਤਿਆਰ ਕਰਦੇ ਹਨ ਤਾਂ ਉਹਨਾਂ ਨੂੰ ਇਸ ਕੰਮ ਦਾ ਪੁੰਨ ਵੀ ਮਿਲ ਜਾਵੇਗਾ । ਰੱਬ ਦੀ ਮਿਹਰ ਨਾਲ ਨ ਹੀ ਮੈਂਨੂੰ, ਨ ਪਹਿਲੇ ਖ਼ਲੀਫ਼ਾ ਸਾਹਿਬਾਨ ਨੂੰ ਇਹ ਚਿੰਤਾ ਹੋਈ ਕਿ ਜਮਾਤੀ ਕੰਮ ਕਿਵੇਂ ਚੱਲਣਗੇ । ਇਹ ਤਾਂ ਰੱਬ ਦਾ ਹਜ਼ਰਤ ਮਸੀਹ ਮੌਊਦ

ਅਲੈਹਿ ਸਲਾਮ ਨਾਲ ਵਾਦਾ ਹੈ । ਉਹ ਇੰਸ਼ਾਅਲੱਾਹ ਕੰਮ ਕਰਨ ਵਾਲੇ ਸੇਵਕ ਉਪਲਭਦ ਕਰਦਾ ਰਹੇਗਾ ।

(ਬ੍ਰਾਹੀਨ ਅਹਮਦੀਆ ਵਿੱਚੋਂ, ਰੂਹਾਨੀ ਖ਼ਜ਼ਾਇਨ ਭਾਗ ਪਹਿਲਾ ਪੰਨਾ 267 ਹਾਸ਼ੀਆ)

ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਲਸ ਦੇ ਸਮੇਂ ਵਿੱਚ ਇਕ ਅਹੁਦੇਦਾਰ ਦਾ ਵਿਚਾਰ ਸੀ ਕਿ ਮੇਰੀ ਦਾਨਾਈ ਤੇ ਮੇਰੀ ਮਿਹਨਤ ਦੇ ਸਬਬ ਮਾਲੀ ਵਿਵਸਥਾ ਬਹੁਤ ਵੱਧੀਆ ਢੰਗ ਨਾਲ ਚੱਲ ਰਹੀ ਹੈ । ਹਜ਼ਰਤ ਖਲੀਫ਼ਾਤੁਲ ਮਸੀਹ ਸਾਲਸ ਨੂੰ ਜੱਦ ਇਹ ਗੱਲ ਪਤਾ ਲੱਗੀ ਤਾਂ ਆਪ ਨੇ ਉਸ ਨੂੰ ਹਟਾਕੇ ਇਕ ਅਜਿਹੇ ਮਨੁੱਖ ਨੂੰ ਉਸ ਕੰਮ'ਤੇ ਨਿਰਧਾਰਤ ਕਰ ਦਿੱਤਾ ਜਿਸ ਨੂੰ ਮਾਲੀ ਵਿਵਸਥਾ ਦਾ ਓ ਅ ਵੀ ਨਹੀਂ ਪਤਾ ਸੀ ਪਰ ਕਿਉਂਕਿ ਇਹ ਰੱਬ ਦਾ ਕੰਮ ਹੈ ਅਤੇ ਸਮੇਂ ਦੇ ਖ਼ਲੀਫ਼ਾ ਨਾਲ ਰੱਬ ਦਾ ਸੁਲੂਕ ਹੈ ਇਸ ਕਰਕੇ ਉਸ ਨਵੇਂ ਆਉਣ ਵਾਲੇ ਅਫ਼ਸਰ ਨੂੰ ਜਿਸ ਨੂੰ ਕੁਝ ਵੀ ਪਤਾ ਨਹੀਂ ਸੀ ਇਸ ਕੰਮ ਵਿੱਚ ਐਨ੍ਹੀ ਬਰਕਤ ਪਈ ਕਿ ਉਸ ਤੋਂ ਪਹਿਲਾਂ ਕਦੇ ਕਲਪਨਾ ਵੀ ਨਹੀ ਸੀ ।

ਸੋ, ਅਹੁਦੇਦਾਰਾਂ ਨੂੰ ਤਾਂ ਰੱਬ ਮੌਕਾ ਦਿੰਦਾ ਹੈ ਜਮਾਤੀ ਮੁਲਾਜ਼ਮਾਂ ਨੂੰ ਤਾਂ ਰੱਬ ਮੌਕਾ ਦਿੰਦਾ ਹੈ । ਜੀਵਨ ਵਕਫ਼ ਕਰਨ ਵਾਲਿਆਂ ਨੂੰ ਤਾਂ ਰੱਬ ਮੌਕਾ ਦਿੰਦਾ ਹੈ ਕਿ ਉਹ ਜਮਾਤ ਦੀ ਅਤੇ ਧਰਮ ਦੀ ਸੇਵਾ ਕਰਕੇ ਰੱਬ ਦੀਆਂ ਮਿਹਰਾਂ ਦੇ ਵਾਰਸ ਬਣਨ, ਨਹੀਂ ਤਾਂ ਕੰਮ ਤਾਂ ਰੱਬ ਆਪ ਕਰ ਰਿਹਾ ਹੈ । ਇਸ ਲਈ ਕਿਸੇ ਦੇ ਮਨ ਵਿੱਚ ਇਹ ਵਿਚਾਰ ਨਹੀਂ ਹੋਣਾ ਚਾਹੀਦਾ ਕਿ ਮੇਰਾ ਤਜਰਬਾ ਜਾਂ ਮੇਰਾ ਗਿਆਨ ਜਮਾਤ ਦੇ ਕੰਮਾ ਨੂੰ ਚਲਾ ਰਿਹਾ ਹੈ । ਜਾਂ ਮੇਰਾ ਤਜਰਬਾ ਤੇ ਗਿਆਨ ਜਮਾਤ ਦੇ ਕੰਮਾ ਨੂੰ ਚਲਾ ਸਕਦਾ ਹੈ । ਜਮਾਤ ਦੇ ਕੰਮਾ ਨੂੰ ਰੱਬ ਦੀ ਮਿਹਰ ਚਲਾ ਰਹੀ ਹੈ । ਸਾਡੀਆਂ ਬਹੁਤ ਸਾਰੀਆਂ ਕਮੀਆਂ ਅਜਿਹੀਆਂ ਹਨ ਕਿ ਜੇਕਰ ਸੰਸਾਰਕ ਕੰਮ ਹੋਵੇ ਤਾਂ ਇਹਨਾਂ ਵਿੱਚ ਉਹ ਬਰਕਤ ਪੈ ਹੀ ਨਹੀਂ ਸਕਦੀ । ਇਹਨਾਂ ਦੇ ਉਹ ਚੰਗੇ ਸਿੱਟੇ ਨਿਕਲ ਹੀ ਨਹੀਂ ਸਕਦੇ । ਪਰ ਰੱਬ ਪਰਦਾਪੋਸ਼ੀ ਕਰਦਾ ਹੈ ਅਤੇ ਆਪ ਫਰਿਸ਼ਤਿਆਂ ਰਾਹੀਂ ਮਦਦ ਕਰਦਾ ਹੈ ।

ਉਧਾਰਣ ਲਈ ਪ੍ਰਚਾਰ ਦੇ ਕੰਮ ਹਨ । ਇਸ ਵਿੱਚ ਹੀ ਇਹਨਾਂ ਪਛੱਮੀ ਦੇਸ਼ਾਂ ਵਿੱਚ ਵੀ ਰੱਬ ਨੇ ਏਥੇ ਪਲੇ ਤੇ ਵੱਡੇ ਹੋਏ ਨੌਜੁਆਨ ਸੇਵਕ ਉਪਲਭਧ ਕਰ ਦਿੱਤੇ ਹਨ ਜਿੰਨ੍ਹਾ ਨੇ ਆਪਣੇ ਤੌਰ'ਤੇ ਧਾਰਮਕ ਗਿਆਨ ਪ੍ਰਾਪਤ ਕੀਤਾ ਅਤੇ ਫਿਰ

ਅਹਮਦੀਅਤ ਦੇ ਵਿਰੋਧੀਆਂ ਦਾ ਮੂੰਹ ਬੰਦ ਕਰਦੇ ਹਨ ਅਤੇ ਅਜਿਹੇ ਉਤੱਰ ਦਿੰਦੇ ਹਨ ਕਿ ਮਨੁੱਖ ਹੈਰਾਨ ਰਹਿ ਜਾਂਦਾ ਹੈ ਅਤੇ ਫਿਰ ਬਹੁਤ ਸਾਰੇ ਅਜਿਹੇ ਨੌਜੁਆਨ ਹਨ ਜਿੰਨ੍ਹਾ ਦੇ ਇਸ ਪ੍ਰਕਾਰ ਦੇ ਉਤੱਰਾਂ ਨਾਲ ਵਿਰੋਧੀਆਂ ਨੂੰ ਫਰਾਰ ਹੋਣ ਤੋਂ ਬਿਨਾਂ ਹੋਰ ਕੋਈ ਮਾਰਗ ਦਿਖਾਈ ਨਹੀਂ ਦਿੰਦਾ । ਸੋ, ਅਹੁਦੇਦਾਰ ਦੀਨ ਦੀ ਸੇਵਾ ਨੂੰ ਇਲਾਹੀ ਮਿਹਰ ਸਮਝਣ, ਨ ਕਿ ਆਪਣੇ ਕਿਸੇ ਤਜਰਬੇ ਜਾਂ ਯੋਗਤਾ ਦਾ ਸਬਬ।

ਫਿਰ ਇਕ ਵਿਸ਼ੇਸ਼ਤਾ ਜੋ ਅਹੁਦੇਦਾਰਾਂ ਵਿੱਚ ਹੋਣੀ ਚਾਹੀਦੀ ਹੈ ਉਹ ਖ਼ੁਸ਼ਦਿਲੀ ਹੈ ਅਤੇ ਖ਼ੁਸ਼ ਅਖ਼ਲਾਕੀ (ਖਿੜੇ ਮੱਥੇ) ਨਾਲ ਪੇਸ਼ ਆਉਣਾ ਹੈ । ਅਲੱਾਹ ਤਆਲਾ ਫ਼ਰਮਾਉਂਦਾ ਹੈ : ( وَقُوْلُوْا لِلنَّاسِ حُسْنًا) 'ਵਕੂਲੂ ਲਿਨੱਾਸਿ ਹੁਸਨਾ' (ਅਲਬਕਰਹ : 84) ਅਰਥਾਤ ਲੋਕਾਂ ਨਾਲ ਨਰਮੀ ਨਾਲ ਗੱਲ ਕਰੋ । ਅਤੇ ਖ਼ੁਸ਼ ਅਖ਼ਲਾਕੀ (ਖਿੜੇ ਮੱਥੇ) ਨਾਲ ਪੇਸ਼ ਆਓ । ਸੋ, ਇਹ ਵੀ ਇਕ ਮੁਢੱਲਾ ਆਚਰਣ ਹੈ ਜੋ ਅਹੁਦੇਦਾਰਾਂ ਵਿੱਚ ਬਹੁਤ ਅਧਿਕ ਹੋਣਾ ਚਾਹੀਦਾ ਹੈ ਆਪਣੇ ਮਾਤਹਿਤਾਂ ਨਾਲ, ਆਪਣੇ ਨਾਲ ਕੰਮ ਕਰਨ ਵਾਲਿਆਂ ਨਾਲ ਵੀ ਜੱਦ ਵੀ ਗੱਲਬਾਤ ਕਰਨ ਅਤੇ ਉਸੇ ਪ੍ਰਕਾਰ ਦੂਜਿਆਂ ਲੋਕਾਂ ਨਾਲ ਵੀ ਜੱਦ ਵੀ ਗੱਲਬਾਤ ਕਰਨ ਤਾਂ ਹਮੇਸ਼ਾ ਇਸ ਗੱਲ ਦਾ ਖ਼ਿਆਲ ਰਖੱਣ ਕਿ ਉਹਨਾਂ ਦੇ ਉੱਚੇ ਆਚਰਣ ਦਾ ਪ੍ਰਦਰਸ਼ਨ ਹੋਣਾ ਚਾਹੀਦਾ ਹੈ । ਕਈ ਵਾਰ ਪ੍ਰਬੰਧਕੀ ਮਾਮਲਿਆਂ ਵਿੱਚ ਸਖ਼ਤੀ ਨਾਲ ਗੱਲ ਕਰਨ ਦੀ ਲੋੜ ਪੈ ਜਾਂਦੀ ਹੈ ਪਰ ਇਹ ਅਖ਼ੀਰੀ ਕਦਮ ਹੈ ਅਤੇ ਜੇਕਰ ਪਿਆਰ ਨਾਲ ਕਿਸੇ ਨੂੰ ਸਮਝਾਇਆ ਜਾਵੇ ਅਤੇ ਅਹੁਦੇਦਾਰ ਲੋਕਾਂ ਨੂੰ ਇਹ ਅਹਿਸਾਸ ਦੁਆ ਦੇਣ ਕਿ ਅਸੀਂ ਤੁਹਾਡੇ ਹਮਦਰਦ ਹਨ ਤਾਂ ਨਿਣਨਵੇਂ ਪ੍ਰਤੀਸ਼ਤ ਅਜਿਹੇ ਲੋਕ ਹਨ ਜੋ ਸਮਝ ਜਾਂਦੇ ਹਨ ਅਤੇ ਜਮਾਤ ਦੇ ਇਸ ਲਈ ਸਹਾਇਕ ਬਣਦੇ ਹਨ ਕਿ ਜਮਾਤ ਨਾਲ ਉਹਨਾ ਨੂੰ ਇਕ ਸੰਬੰਧ ਹੈ । ਪਰ ਵੱਡੀ ਤੇ ਮਹਤੱਵ ਪੂਰਨ ਸ਼ਰਤ ਇਹੋ ਹੈ ਕਿ ਲੋਕਾਂ ਵਿੱਚ ਇਹ ਅਹਿਸਾਸ ਪੈਦਾ ਕੀਤਾ ਜਾਵੇ ਜਾਂ ਲੋਕਾਂ ਨੂੰ ਇਹ ਅਹਿਸਾਸ ਹੋ ਜਾਵੇ ਕਿ ਅਹੁਦੇਦਾਰ ਸਾਡੇ ਹਮਦਰਦ ਹਨ । ਨਰਮੀ ਨਾਲ ਲੋਕਾਂ ਨਾਲ ਗੱਲ ਕਰੋ । ਕਿਸੇ ਦੀ ਗਲਤੀ'ਤੇ ਅਰੰਭ ਵਿੱਚ ਹੀ ਇਸ ਪ੍ਰਕਾਰ ਨਾ ਫੜੋ ਕਿ ਦੂਜੇ ਨੂੰ ਸਫ਼ਾਈ ਪੇਸ਼ ਕਰਨ ਦਾ ਮੌਕਾ ਹੀ ਨ ਮਿਲੇ । ਹਾਂ, ਜੋ ਆਦੀ ਹਨ, ਵਾਰ ਵਾਰ ਕਰਨ ਵਾਲੇ ਹਨ, ਗੱਲ ਗੱਲ ਵਿੱਚ ਫਿਤਨਾ ਫਸ਼ਾਦ ਪੈਦਾ ਕਰਨ

ਦਾ ਜਤਨ ਕਰਦੇ ਹਨ, ਉਹਨਾਂ ਨਾਲ ਸਖ਼ਤੀ ਕਰਨੀ ਪੈਂਦੀ ਹੈ, ਪਰ ਇਸ ਬਾਰੇ ਪੂਰੀ ਖੋਜ ਹੋਣੀ ਚਾਹੀਦੀ ਹੈ ਅਤੇ ਫਿਰ ਨਾਲ ਹੀ ਇਹ ਸਖ਼ਤੀ ਵੀ ਵਿਅਕਤੀਗੱਤ ਦੁਸ਼ਮਣੀ ਦਾ ਰੂਪ ਧਾਰਣ ਕਰਨ ਵਾਲੀ ਨਹੀਂ ਹੋਣੀ ਚਾਹੀਦੀ । ਸਗੋਂ ਸੁਧਾਰ ਲਈ ਹੋਣੀ ਚਾਹੀਦੀ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਇਕ ਮੌਕੇ ਆਪਣੇ ਨਿਯੁਕਤ ਕੀਤੇ ਯਮਨ ਦੇ ਰੱਖਿਅਕਾਂ ਨੂੰ ਇਹ ਨਸੀਹਤ ਕੀਤੀ ਸੀ ਕਿ ਲੋਕਾਂ ਲਈ ਆਸਾਨੀ ਪੈਦਾ ਕਰਨਾ ਮੁਸ਼ਕਲਾਂ ਨ ਪੈਦਾ ਕਰਨਾ ਅਤੇ ਪ੍ਰੇਮ ਤੇ ਖ਼ੁਸ਼ੀ ਫੈਲਾਉਣਾ, ਨਫ਼ਰਤ ਨੂੰ ਪਨਪਣ ਨ ਦੇਣਾ ।

(ਮੁਸਨਦੇ ਅਹਮਦ ਬਿਨ ਹੰਬਲ ਭਾਗ **6** ਪੰਨਾ **638**, ਹਦੀਸ **19935**, ਮੁਸਨਦ ਅਬੂ ਮੂਸਾ ਅਲ ਅਸ਼ਰੀ ਮਤਬੂਆ ਆਲਿਮੁਲ ਕੁਤੁਬ ਬੈਰੂਤ **1998**ਈ.)

ਸੋ, ਇਹ ਅਜਿਹੀ ਨਸੀਹਤ ਹੈ ਜੋ ਅਹੁਦੇਦਾਰਾਂ ਅਤੇ ਜਮਾਤ ਦੇ ਲੋਕਾਂ ਵਿੱਚ ਵੀ ਸੰਬੰਧਾ ਵਿੱਚ ਖ਼ੂਬਸੂਰਤੀ ਪੈਦਾ ਕਰਦੀ ਹੈ ਅਤੇ ਫਿਰ ਇਸ ਦੇ ਸਿੱਟੇ ਵਿੱਚ ਆਪਸ ਵਿੱਚ ਜਮਾਤ ਦੇ ਲੋਕਾਂ ਵਿੱਚ ਇਕ ਦੂਜੇ ਦੀਆਂ ਭਾਵਨਾਵਾਂ ਦਾ ਖ਼ਿਆਲ ਰਖੱਣ ਦੀ ਰੂਹ ਪੈਦਾ ਹੁੰਦੀ ਹੈ ।

ਸੋ, ਅਹੁਦੇਦਾਰਾਂ ਦੀ ਅਤੇ ਵਿਸ਼ੇਸ਼ ਰੂਪ ਵਿੱਚ ਅਮੀਰਾਂ (ਪ੍ਰਧਾਨਾਂ), ਸਦਰ ਸਾਹਿਬਾਨ, ਤਰਬੀਯਤ ਦੇ ਵਿਭਾਗਾਂ ਅਤੇ ਫ਼ੈਸਲਾ ਕਰਨ ਵਾਲੇ ਅਦਾਰਿਆਂ ਦੀ ਬਹੁਤ ਵੱਡੀ ਜ਼ਿੱਮੇਦਾਰੀ ਹੈ ਕਿ ਲੋਕਾਂ ਲਈ ਆਸਾਨੀਆਂ ਪੈਦਾ ਕਰਨ ਦੇ ਤਰੀਕੇ ਸੋਚਣ, ਪਰ ਇਹ ਵੀ ਖ਼ਿਆਲ ਰਹੇ ਕਿ ਇਲਾਹੀ ਆਦੇਸ਼ਾਂ ਅੰਦਰ ਰਹਿੰਦਿਆਂ ਹੋਇਆਂ ਇਹ ਤਰੀਕੇ ਅਪਨਾਉਣੇ ਹਨ । ਦੁਨੀਆਦਾਰਾਂ ਵਾਂਗ ਨਹੀਂ ਕਿ ਆਸਾਨੀਆਂ ਪੈਦਾ ਕਰਨ ਲਈ ਰੱਬ ਦੇ ਆਦੇਸ਼ਾਂ ਨੂੰ ਭੁੱਲ ਜਾਣ । ਅਸੀਂ ਸ਼ਰੀਅਤ ਦੇ ਦਾਇਰੇ ਵਿੱਚ ਰਹਿੰਦਿਆਂ ਹੋਇਆਂ ਰੱਬ ਦੀ ਰਜ਼ਾ ਨੂੰ ਪਹਿਲ ਦਿੰਦਿਆਂ ਹੋਇਆਂ ਬੰਦਿਆਂ ਦੇ ਵੀ ਹੱਕ ਪੂਰੇ ਕਰਨੇ ਹਨ ਅਤੇ ਆਪਣੇ ਅਹਿਦਾਂ ਤੇ ਅਮਾਨਤਾਂ ਦੀ ਸੁਰੱਖਿਆ ਵੀ ਕਰਨੀ ਹੈ ।

ਫਿਰ ਜਿਵੇਂ ਕਿ ਮੈਂ ਕਿਹਾ ਕਿ ਕਾਇਦਿਆਂ ਤੇ ਨੀਯਮਾਂ ਦੀ ਕਿਤਾਬ ਨੂੰ ਹਰ ਅਹੁਦੇਦਾਰ ਨੂੰ ਦੇਖਣਾ ਚਾਹੀਦਾ ਹੈ ਅਤੇ ਆਪਣੇ ਵਿਭਾਗ ਦੇ ਕੰਮਾ ਦਾ ਗਿਆਨ ਪ੍ਰਾਪਤ ਕਰਨਾ ਚਾਹੀਦਾ ਹੈ । ਹਰ ਇਕ ਨੂੰ ਆਪਣੀਆਂ ਸੀਮਾਵਾਂ ਦਾ ਪਤਾ ਹੋਣਾ ਚਾਹੀਦਾ ਹੈ । ਕਈ ਵਾਰ ਅਹੁਦੇਦਾਰਾਂ ਨੂੰ ਆਪਣੀਆਂ ਸੀਮਾਵਾਂ ਦਾ ਵੀ ਪਤਾ

ਨਹੀਂ ਹੁੰਦਾ । ਇਕ ਵਿਭਾਗ ਇਕ ਕੰਮ ਕਰ ਰਿਹਾ ਹੁੰਦਾ ਹੈ ਜੱਦ ਕਿ ਨੀਯਮਾ ਅਨੁਸਾਰ ਉਹ ਦੂਜੇ ਵਿਭਾਗ ਵਿੱਚ ਉਹ ਕੰਮ ਲਿੱਖਿਆ ਹੁੰਦਾ ਹੈ । ਜਾਂ ਕਈ ਵਾਰ ਅਜਿਹਾ ਸੂਖਮ ਅੰਤਰ ਕੰਮਾ ਬਾਰੇ ਹੁੰਦਾ ਹੈ ਜਿਸ'ਤੇ ਗ਼ੌਰ ਨ ਕਰਦਿਆਂ ਹੋਇਆਂ ਦੋ ਵਿਭਾਗ ਇਕ ਦੂਜੇ ਦੇ ਕੰਮ ਵਿੱਚ ਦਖ਼ਲਾ ਦੇ ਰਹੇ ਹੁੰਦੇ ਹਨ ।

ਬੀਤੇ ਦਿਨੀ ਮੇਰੀ ਯੂਕੇ (U.K.) ਦੀ ਮਜਲਿਸੇ ਆਮਲਾ (ਕਾਰਜ ਕਰਨੀ ਸਮਿਤੀ) ਨਾਲ ਵੀ ਮੀਟਿੰਗ ਸੀ । ਓਥੇ ਵੀ ਮੈਨੂੰ ਅਨੁਭਵ ਹੋਇਆ ਕਿ ਇਸ ਸੂਖਮ ਅੰਤਰ ਨੂੰ ਨ ਸਮਝਣ ਕਰਕੇ ਅਕਾਰਣ ਹੀ ਬਹਿਸ ਅਰੰਭ ਹੋ ਜਾਂਦੀ ਹੈ । ਜੇਕਰ ਨਿਯਮਾਂ ਨੂੰ ਪੜ੍ਹੀਏ ਤਾਂ ਇਉਂ ਸਮਾਂ ਨਸ਼ਟ ਨ ਹੋਵੇ । ਉਧਾਰਣ ਲਈ ਪ੍ਰਚਾਰਕ ਵਿਭਾਗ ਨੇ ਪ੍ਰਚਾਰ ਦੀਆਂ ਸਕੀਮਾ ਵੀ ਚਲਾਉਣੀਆਂ ਹਨ ਅਤੇ ਰਾਬਤੇ ਵੀ ਕਰਨੇ ਹਨ । ਰਾਬਤਿਆਂ ਨਾਲ ਹੀ ਪ੍ਰਚਾਰ ਅੱਗੇ ਫੈਲੇਗਾ । ਇਸੇ ਪ੍ਰਕਾਰ ਅਮੂਰੇ ਖ਼ਾਰਜਾ (ਵਿਦੇਸ਼ ਮਾਮਲੇ) ਦਾ ਵਿਭਾਗ ਹੈ, ਉਸ ਨੇ ਵੀ ਰਾਬਤੇ ਕਰਨੇ ਹਨ ਅਤੇ ਜਮਾਤ ਦਾ ਪਰੀਚੇ ਵੀ ਕਰਵਾਉਣਾ ਹੈ । ਦੋਹਾਂ ਦੇ ਦਾਇਰੇ ਵੱਖ ਵੱਖ ਹਨ । ਇਕ ਨੇ ਪ੍ਰਚਾਰਕ ਉਦੇਸ਼ ਨਾਲ ਕੰਮ ਕਰਨਾ ਹੈ । ਦੂਜੇ ਨੇ ਆਪਣੇ ਪਬਲਿਕ ਰਿਲੇਸ਼ਨ (Public Relation) ਲਈ ਇਹ ਕੰਮ ਕਰਨਾ ਹੈ । ਸੰਬੰਧ ਵਧਾਉਣ ਲਈ ਕੰਮ ਕਰਨਾ ਹੈ । ਅਸਲ ਉਦੇਸ਼ ਤਾਂ ਜਮਾਤ ਦਾ ਪਰੀਚੈ ਅਤੇ ਧਰਮ ਵੱਲ ਮਾਰਗਦਰਸ਼ਨ ਕਰਨਾ ਹੈ ਤਾਂ ਜੋ ਦੁਨੀਆ ਨੂੰ ਰੱਬ ਵੱਲ ਲਿਆ ਕੇ ਅਸੀਂ ਉਹਨਾਂ ਦਾ ਇਹਲੋਕ ਤੇ ਪਰਲੋਕ ਵੀ ਸੁਆਰਣ ਦਾ ਜਤਨ ਕਰੀਏ ਅਤੇ ਦੁਨੀਆ ਦੇ ਅਮਨ ਦੀ ਅਵਸਥਾ ਵੱਲ ਵੀ ਧਿਆਨ ਖਿੱਚੀਏ । ਸੰਸਾਰਕ ਰੂਪ ਵਿੱਚ ਕੋਈ ਕ੍ਰੈਡਿਟ ਲੈਂਣਾ ਤਾਂ ਸਾਡਾ ਉਦੇਸ਼ ਨਹੀਂ ਹੈ । ਅਸਲ ਉਦੇਸ਼ ਤਾਂ ਰੱਬ ਨੂੰ ਖ਼ੁਸ਼ ਕਰਨਾ ਅਤੇ ਉਸ ਦੀ ਰਜ਼ਾ ਹਾਸਲ ਕਰਨਾ ਹੈ । ਜੇਕਰ ਵਿਭਾਗ ਆਪੋ ਵਿੱਚ ਮਿਲਵਰਤਨ ਨਾਲ ਕੰਮ ਕਰਨਗੇ ਤਾਂ ਕਈ ਗੁਣਾ ਚੰਗਾ ਸਿਟੱਾ ਨਿਕਲ ਸਕਦਾ ਹੈ।

ਫਿਰ ਬਹੁਤੀਆਂ ਥਾਵਾਂ ਉਪੱਰ ਇਸ ਗੱਲ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ ਕਿ ਵਿਭਾਗਾਂ ਦੇ ਬਜਟ ਸਹੀ ਤਰੀਕੇ ਨਾਲ ਨਿਰਧਾਰਤ ਨਹੀਂ ਕੀਤੇ ਜਾਂਦੇ । ਹਰ ਵਿਭਾਗ ਦਾ ਬਜਟ ਜੋ ਸ਼ੂਰਾ ਵਿੱਚ ਪਾਸ ਹੋਇਆ ਹੁੰਦਾ ਹੈ ਉਹ ਬਜਟ ਦਿਤੱਾ ਜਾਣਾ ਚਾਹੀਦਾ ਹੈ । ਅਤੇ ਉਸ ਦੇ ਖ਼ਰਚ ਦਾ ਸੰਬੰਧਤ ਸੈਕ੍ਰੇਟਰੀ ਨੂੰ ਅਧਿਕਾਰ ਹੋਣਾ ਚਾਹੀਦਾ ਹੈ । ਹਾਂ, ਇਹ ਜ਼ਰੂਰੀ ਹੈ ਕਿ ਸੈਕ੍ਰੇਟਰੀ ਸਾਲ ਭਰ ਦੇ ਕੰਮਾ ਦਾ

ਮਨਸੂਬਾ ਕਾਰਜਕਾਰੀ ਕਮੇਟੀ ਵਿੱਚ ਪੇਸ਼ ਕਰੇ ਅਤੇ ਇਸ ਮਨਜ਼ੂਰ ਹੋਏ ਮਨਸੂਬੇ ਅਨੁਸਾਰ ਖ਼ਰਚ ਹੋਵੇ ਅਤੇ ਫਿਰ ਕੰਮ ਦਾ ਜਾਇਜ਼ਾ ਹਰ ਕਾਰਜਕਾਰੀ ਕਮੇਟੀ ਦੀ ਮੀਟਿੰਗ ਵਿੱਚ ਲਿਆ ਜਾਵੇ ਅਤੇ ਜੇਕਰ ਮਨਜ਼ੂਰ ਹੋਏ ਮਨਸੂਬੇ ਵਿੱਚ ਜਾਂ ਕੰਮ ਦੇ ਤਰੀਕੇ ਵਿੱਚ ਕਿਸੇ ਪ੍ਰਕਾਰ ਦੀ ਤਬਦੀਲੀ ਦੀ ਲੋੜ ਹੋਵੇ ਜਾਂ ਬਿਹਤਰੀ ਦੀ ਗੁੰਜਾਇਸ਼ ਵੱਲ ਕਿਸੇ ਦਾ ਧਿਆਨ ਹੋਵੇ ਅਤੇ ਧਿਆਨ ਦੁਆਇਆ ਜਾਵੇ ਤਾਂ ਇਸ'ਤੇ ਮੁੜ੍ਹ ਗ਼ੌਰ ਕਰ ਲਿਆ ਜਾਵੇ ।

ਫਿਰ ਅਮੀਰਾਂ ਤੇ ਸਦਰ ਸਾਹਿਬਾਨ ਅਤੇ ਜਮਾਤੀ ਸੈਕ੍ਰੇਟਰੀਜ਼ ਦਾ ਇਹ ਬਹੁਤ ਹੀ ਮਹਤੱਵ ਪੂਰਨ ਕੰਮ ਹੈ ਕਿ ਮਰਕਜ਼ (ਕੇਂਦਰ) ਤੋਂ ਜੋ ਫ਼ਰਮਾਨ ਜਾਂਦੇ ਹਨ ਜਾਂ ਸਰਕੁਲਰ ਜਾਂਦੇ ਹਨ, ਉਹਨਾਂ'ਤੇ ਤੁਰੰਤ ਤੇ ਪੂਰੇ ਧਿਆਨ ਨਾਲ ਅਮਲ ਕਰਨ ਅਤੇ ਆਪਣੀਆਂ ਜਮਾਤਾਂ ਰਾਹੀਂ ਵੀ ਕਰਾਇਆ ਜਾਵੇ । ਕਈ ਜਮਾਤਾਂ ਬਾਰੇ ਇਹ ਸ਼ਿਕਾਇਤ ਮਿਲਦੀ ਹੈ ਕਿ ਕੇਂਦਰੀ ਆਦੇਸ਼ਾਂ ਉਪੱਰ ਪੂਰੀ ਤਰ੍ਹਾਂ ਅਮਲ ਨਹੀਂ ਕੀਤਾ ਜਾਂਦਾ । ਜੇਕਰ ਕਿਸੇ ਨਿਰਦੇਸ਼ ਬਾਰੇ ਕਿਸੇ ਵਿਸ਼ੇਸ਼ ਦੇਸ਼ ਜਾਂ ਜਮਾਤ ਨੂੰ ਦੇਸ਼ ਦੇ ਹਾਲਾਤਾਂ ਕਰਕੇ ਕੁਝ ਸੁਰੱਖਿਆ ਸੰਬੰਧੀ ਗਲੱਾਂ ਹੋਣ ਤਾਂ ਫਿਰ ਤੁਰੰਤ ਮਰਕਜ਼ ਨਾਲ ਰਾਬਤਾ ਕਰਕੇ ਹਾਲਾਤਾਂ ਅਨੁਸਾਰ ਇਸ ਵਿੱਚ ਤਬਦੀਲੀ ਕਰਨ ਲਈ ਬੇਨਤੀ ਕਰਨੀ ਚਾਹੀਦੀ ਹੈ ਅਤੇ ਇਹ ਕੰਮ ਅਮੀਰ ਜਮਾਤ ਅਤੇ ਸਦਰ ਦਾ ਹੈ । ਪਰ ਇਹ ਕਿਸੇ ਵੀ ਢੰਗ ਨਾਲ ਉਚਿਤ ਨਹੀਂ ਕਿ ਆਪਣੀ ਅਕਲ ਲੜਾਉਦਿਆਂ ਹੋਇਆਂ ਉਸ ਆਦੇਸ਼ ਨੂੰ ਇਕ ਪਾਸੇ ਰਖੱਕੇ ਦੱਬ ਦਿੱਤਾ ਜਾਵੇ ਅਤੇ ਉਸ'ਤੇ ਅਮਲ ਨ ਕਰਵਾਇਆ ਜਾਵੇ ਅਤੇ ਨ ਹੀ ਕੇਂਦਰ ਨੂੰ ਸੂਚਿਤ ਕੀਤਾ ਜਾਵੇ । ਕਿਸੇ ਵੀ ਅਮੀਰ ਜਾਂ ਸਦਰ ਜਮਾਤ ਦੀ ਇਹ ਜੋ ਹਰਕਤ ਹੈ ਇਹ ਕੇਂਦਰੀ ਨਿਰਦੇਸ਼ਾਂ ਦੀ ਅਣਦੇਖੀ ਸਮਝੀ ਜਾਵੇਗੀ ਅਤੇ ਫਿਰ ਇਸ ਸੰਬੰਧ ਵਿੱਚ ਕੇਂਦਰ ਕਾਰਵਾਈ ਵੀ ਕਰ ਸਕਦਾ ਹੈ ।

ਮੂਸੀਆਨ (ਵਸੀਯੱਤ ਕਰਨ ਵਾਲਿਆਂ) ਬਾਰੇ ਵੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪਹਿਲੀ ਗੱਲ ਤਾਂ ਮੂਸੀਆਨ ਨੂੰ ਇਹ ਚੇਤੇ ਰਖੱਣੀ ਚਾਹੀਦੀ ਹੈ ਕਿ ਆਪਣੇ ਚੰਦੇ ਦੀ ਬਕਾਇਦਾ ਅਦਾਇਗੀ ਅਤੇ ਉਸ ਦਾ ਹਿਸਾਬ ਰਖੱਣਾ ਹਰ ਮੂਸੀ (ਵਸੀਯਤ ਕਰਨ ਵਾਲੇ) ਦੀ ਆਪਣੀ ਜ਼ਿੰਮੇਦਾਰੀ ਹੈ, ਪਰ ਮਰਕਜ਼ੀ

(ਕੇਂਦਰੀ) ਦਫ਼ਤਰ ਅਤੇ ਸੰਬੰਧਤ ਸੈਕ੍ਰੇਟਰੀਜ਼ ਦਾ ਵੀ ਕੰਮ ਹੈ ਕਿ ਹਰ ਮੂਸੀ ਦਾ ਹਿਸਾਬ ਪੂਰਾ ਰਖੱਣ ਅਤੇ ਜੱਦ ਲੋੜ ਹੋਵੇ ਉਹਨਾਂ ਨੂੰ ਯਾਦਹਾਨੀ ਵੀ ਕਰਾਉਣ ਕਿ ਉਹਨਾਂ ਦੇ ਚੰਦੇ ਦੀ ਕੀ ਅਵਸਥਾ ਹੈ ? ਰਾਸ਼ਟਰੀ ਜਮਾਤ ਦਾ ਕੰਮ ਹੈ ਕਿ ਲੋਕਲ ਜਮਾਤਾਂ ਦੇ ਸੈਕ੍ਰੇਟਰੀਜ਼ ਨੂੰ ਸਮਰੱਥ (Active) ਕਰਨ ਅਤੇ ਹਰ ਮੂਸੀ ਉਹਨਾਂ ਦੇ ਰਾਬਤੇ ਵਿੱਚ ਹੋਵੇ । ਕਈ ਵਾਰ ਦੇਖਣ ਵਿੱਚ ਆਉਂਦਾ ਹੈ ਕਿ ਕਿਸੇ ਮਾਮਲੇ ਵਿੱਚ ਕਿਸੇ ਵਿਅਅਕਤੀ ਬਾਰੇ ਰਿਪੋਰਟ ਮੰਗਵਾਈ ਜਾਂਦੀ ਹੈ ਅਤੇ ਉਹ ਵਿਅਕਤੀ ਮੂਸੀ ਹੁੰਦਾ ਹੈ । ਰਿਪੋਰਟ ਵਿੱਚ ਵਰਨਣ ਕਰ ਦਿਤੱਾ ਜਾਂਦਾ ਹੈ ਕਿ ਉਸ ਦੇ ਐਨ੍ਹੇ ਚਿਰ ਤੋਂ ਵਸੀਯੱਤ ਦਾ ਚੰਦਾ ਨਹੀਂ ਦਿਤੱਾ । ਜੱਦ ਪੁੱਛਿਆ ਜਾਵੇ ਕਿ ਵਸੀਯੱਤ ਦਾ ਚੰਦਾ ਨਹੀਂ ਦਿਤੱਾ ਤਾਂ ਫਿਰ ਵਸੀਯੱਤ ਕਾਇਮ ਕਿਸ ਪ੍ਰਕਾਰ ਹੈ ? ਤਾਂ ਫਿਰ ਖੋਜ ਕਰਨ'ਤੇ ਪਤਾ ਚਲਦਾ ਹੈ ਕਿ ਮੂਸੀ ਦਾ ਕਸੂਰ ਨਹੀਂ ਸੀ । ਉਸ ਨੇ ਤਾਂ ਚੰਦਾ ਦਿਤੱਾ ਸੀ, ਪਰ ਰਿਕਾਰਡ ਰਖੱਣ ਵਾਲਿਆਂ ਨੇ, ਦਫ਼ਤਰ ਨੇ ਸਹੀ ਰਿਕਾਰਡ ਨਹੀਂ ਰੱਖਿਆ । ਇਕ ਤਾਂ ਅਜਿਹੀ ਰਿਪੋਰਟ ਅਕਾਰਣ ਮੂਸੀ ਨੂੰ ਪਰੇਸ਼ਾਨ ਕਰਨ ਦਾ ਸਬਬ ਬਣਦੀ ਹੈ । ਦੂਜਾ ਜਮਾਤੀ ਵਿਵਸਥਾ ਦੀ ਕਮਜ਼ੋਰੀ ਦਾ ਵੀ ਬੁਰਾ ਪ੍ਰਭਾਵ ਪੈਂਦਾ ਹੈ । ਹੁਣ ਤਾਂ ਠੋਸ ਹਿਸਾਬ ਦਾ ਪ੍ਰਬੰਧ ਹੋ ਚੁਕਿਆ ਹੈ । ਬਹੁਤ ਹੀ ਸਿਸਟਾਮੈਟਿਕ (Systematic) ਤਰੀਕਾ ਹੈ, ਕੰਪਿਊਟਰ ਹਨ (ਸਭ ਕੁਝ ਇਲੈਕਟ੍ਰਾਨਿਕ ਹੈ) ਅਜਿਹੀ ਗਲਤੀ ਨਹੀਂ ਹੋਣੀ ਚਾਹੀਦੀ । ਹਰ ਦੇਸ਼ ਦੇ ਸੈਕ੍ਰੇਟਰੀਜ਼ ਵਸੀਯੱਤ ਅਤੇ ਸੈਕ੍ਰੇਟਰੀਜ਼ ਮਾਲ ਆਪ ਦੇਸ ਦੀ ਹਰ ਜਮਾਤ ਦੇ ਸੈਕ੍ਰੇਟਰੀਜ਼ ਨੂੰ ਸਮਰੱਥ (Active) ਕਰਨ ਅਤੇ ਜਮਾਤ ਦੇ ਅਮੀਰਾਂ ਦਾ ਵੀ ਕੰਮ ਹੈ ਕਿ ਸਮੇਂ ਸਮੇਂ ਇਸ ਦਾ ਜਾਇਜ਼ਾ ਲੈਂਦੇ ਰਹਿਣ । ਕੇਵਲ ਚੰਦਾ ਇਕਤੱਰ ਕਰਨਾ ਅਤੇ ਉਸ ਦੀ ਰਿਪੋਰਟ ਕਰਨਾ ਉਹਨਾਂ ਦਾ ਕੰਮ ਨਹੀਂ ਸਗੋਂ ਇਸ ਨਿਜ਼ਾਮ (ਵਿਵਸਥਾ) ਨੂੰ ਵਿਸ਼ਵਸਨੀ ਬਨਾਉਣਾ ਅਤੇ ਮਰਕਜ਼ ਤੇ ਲੋਕਲ ਜਮਾਤੀ ਵਿਵਸਥਾ ਵਿੱਚ ਮਜ਼ਬੂਤ ਤੇ ਠੋਸ ਰਾਬਦਾ ਪੈਦਾ ਕਰਨਾ ਵੀ ਅਮੀਰਾਂ ਦਾ ਕੰਮ ਹੈ ।

ਇਸੇ ਪ੍ਰਕਾਰ ਇਕ ਗੱਲ ਮੁਬੱਲਗ਼ੀਨ ਅਤੇ ਮੁਰੱਬੀਆਂ ਦੇ ਹਵਾਲੇ ਨਾਲ ਵੀ ਕਹਿਣਾ ਚਾਹੁੰਦਾ ਹਾਂ ਕਿ ਕਈ ਥਾਂ ਮੁਰੱਬੀਆਂ ਤੇ ਮੁਬਲੱਗ਼ੀਨ ਦੀ ਬਕਾਇਦਾ ਹਰ ਮਹੀਨੇ ਮੀਟਿੰਗਜ਼ ਨਹੀਂ ਹੁੰਦੀਆਂ । ਮੁਬਲੱਗ ਇੰਚਾਰਜ ਇਸ ਗੱਲ ਦੇ ਜ਼ਿੰਮੇਦਾਰ ਹਨ ਕਿ ਇਹ ਮੀਟਿੰਗਜ਼ ਬਕਾਇਦਾ ਹੋਣ । ਜਮਾਤੀ ਤਰਬੀਯਤ ਅਤੇ

ਪ੍ਰਚਾਰਕ ਕਾਰਜਾਂ ਦਾ ਵੀ ਜਾਇਜ਼ਾ ਹੋਵੇ ਜੋ ਚੰਗਾ ਕੰਮ ਕਿਸੇ ਨੇ ਕੀਤਾ ਹੈ ਉਸ ਬਾਰੇ ਵਿਚਾਰ ਵਟਾਂਦਰਾ ਹੋਵੇ । ਕਿਸੇ ਵੱਲੋਂ ਇਸ ਚੰਗੇ ਕੰਮ ਲਈ ਜੋ ਤਰੀਕਾ ਵਰਤਿਆ ਗਿਆ ਸੀ ਉਸ ਤੋਂ ਦੂਜੇ ਵੀ ਲਾਭ ਉਠਾਉਣ ਦਾ ਜਤਨ ਕਰਨ । ਇਸੇ ਪ੍ਰਕਾਰ ਜੋ ਜਮਾਤੀ ਸੈਕ੍ਰੇਟਰੀਜ਼ ਜਮਾਤ ਨੂੰ ਨਿਰਦੇਸ਼ ਦਿੰਦੇ ਹਨ ਜਾਂ ਕੇਂਦਰ ਦੇ ਨਿਰਦੇਸ਼ਾਂ ਉਪੱਰ ਜਮਾਤਾਂ ਨੂੰ ਫ਼ਰਮਾਨ ਭਿਜਵਾਏ ਜਾਂਦੇ ਹਨ, ਉਸ ਬਾਰੇ ਵੀ ਰਿਪੋਰਟ ਦੇਣ । ਮੁਰੱਬੀ ਇਹ ਵੀ ਦੇਖਿਆ ਕਰਨ ਕਿ ਹਰ ਜਮਾਤ ਵਿੱਚ ਇਸ ਸੰਬੰਧ ਵਿੱਚ ਕਿੰਨ੍ਹਾ ਕੰਮ ਹੋਇਆ ਹੈ ਅਤੇ ਜਿੱਥੇ ਸੈਕ੍ਰੇਟਰੀਜ਼ ਸਰਗਰਮ ਨਹੀਂ ਹਨ ਵਿਸ਼ੇਸ਼ ਤੌਰ'ਤੇ ਪ੍ਰਚਾਰਕ ਤੇ ਤਰਬੀਯਤੀ (ਸੀਖ ਸਿਖਲਾਈ) ਅਤੇ ਮਾਲੀ ਕੁਰਬਾਨੀ ਦੇ ਮਾਮਲਿਆਂ ਵਿੱਚ, ਓਥੇ ਮੁਰੱਬੀ ਤੇ ਮੁਬੱਲਗ਼ ਉਹਨਾਂ ਨੂੰ ਧਿਆਨ ਦੁਆਉਣ ।

ਅਲੱਾਹ ਤਆਲਾ ਸਾਰਿਆਂ ਅਹੁਦੇਦਾਰਾਂ ਨੂੰ ਤੌਫ਼ੀਕ ਪ੍ਰਦਾਨ ਕਰੇ ਕਿ ਉਹਨਾਂ ਨੂੰ ਅਲੱਾਹ ਤਆਲਾ ਨੇ ਜੋ ਭਵਿੱਖ ਦੇ ਤਿੰਨ ਸਾਲ ਸੇਵਾ ਕਰਨ ਦਾ ਮੌਕਾ ਦਿੱਤਾ ਹੈ ਉਸ ਵਿੱਚ ਵੱਧ ਤੋਂ ਵੱਧ ਕੰਮ ਆਪਣੀਆਂ ਸਾਰੀਆਂ ਸਮਰੱਥਾਵਾਂ ਨਾਲ ਨੇਪਰੇ ਚਾੜ੍ਹ ਸਕਣ ਅਤੇ ਆਪਣੀ ਹਰ ਕਹਿਣੀ ਤੇ ਕਰਨੀ ਨਾਲ ਜਮਾਤ ਵਿੱਚ ਉਧਾਰਣ ਬਣਨ ਵਾਲੇ ਹੋਣ ।

Toll Free Shoba Noorul Islam-1800-3010-2131